**ਜ਼ਰੂਰੀ ਸੂਚਨਾ**

ਮਾਲਵਾ ਬਾਣੀ ਵਿੱਚ ਆਪਣੇ ਸ਼ਹਿਰ ਦੀ ਖਬਰ ਭੇਜਣ ਜਾਂ ਇਸ਼ਤਿਹਾਰ ਦੇਣ ਸਬੰਧੀ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ।

ਮੋ: 78890-72071, 96539-55551

Rni.PUNPUN/2022/85964

# ਮਾਲਵਾ ਬਾਣੀ

E.mail. malwabani2021@gmail.com

ਸਾਲ 4 ▪ ਅੰਕ 99 ▪ 06 ਜੁਲਾਈ 2025 ▪ ਐਤਵਾਰ ▪ ਸਫ਼ੇ 08 ▪ ਮੁੱਲ 2 ਰੁਪਏ ▪ ਸ੍ਰੀ ਮੁਕਤਸਰ ਸਾਹਿਬ

**ਪੱਤਰਕਾਰਾਂ ਦੀ ਲੋੜ ਹੈ**

ਸ੍ਰੀ ਮੁਕਤਸਰ ਸਾਹਿਬ ਤੋਂ ਰੋਜ਼ਾਨਾ ਪ੍ਰਕਾਸ਼ਿਤ ਹੁੰਦੇ ਮਾਲਵਾ ਬਾਣੀ ਅਖਬਾਰ ਨੂੰ ਵੱਖ ਵੱਖ ਜਿਲ੍ਹਿਆਂ ਵਿੱਚੋਂ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਬਣਨ ਲਈ ਸੰਪਰਕ ਕਰਨ।

ਮੋ. 78890-72071

# ਰਿਸ਼ਤੇ ਹੋ ਰਹੇ ਤਾਰੋ ਤਾਰ, ਖ਼ੂਨ ਹੋ ਰਿਹਾ ਸਫੈਦ - ਪ੍ਰਵਾਸੀ ਪੰਜਾਬੀ ਵਲੋਂ ਆਪਣੇ ਕੈਨੇਡੀਅਨ ਪੁੱਤਰ 'ਤੇ ਧੋਖੇ ਨਾਲ ਕਰੋੜਾਂ ਰੁਪਏ ਦੀ ਜਮੀਨ ਵੇਚ ਕੇ ਪੈਸੇ ਹੜੱਪਣ ਦਾ ਦੋਸ਼

## ਮੁਖਤਿਆਰਨਾਮਾ ਰੱਦ ਕਰਵਾਉਣ ਦੇ ਬਾਵਜੂਦ ਮਾਲ ਵਿਭਾਗ ਨੇ ਜਮੀਨ ਦੀ ਕਰ ਦਿੱਤੀ ਰਜਿਸਟਰੀ

**ਮਾਛੀਵਾੜਾ ਸਾਹਿਬ, 5 ਜੁਲਾਈ (ਮਾਸਟਰ ਸਤੀਸ਼ ਕੁਮਾਰ)** – ਕੈਨੇਡਾ ਵਿਖੇ ਰਹਿੰਦੇ ਬਜ਼ੁਰਗ ਗੁਰਦਿਆਲ ਸਿੰਘ ਨੇ ਮਾਛੀਵਾੜਾ ਨੇੜੇ ਉਸਦੀ ਜ਼ੱਦੀ ਜਮੀਨ ਨੂੰ ਪੁੱਤਰ ਵਲੋਂ ਧੋਖੇ ਨਾਲ ਵੇਚ ਕੇ ਜਿੱਥੇ ਕਰੋੜਾਂ ਰੁਪਏ ਹੜੱਪਣ ਦੇ ਦੋਸ਼ ਲਗਾਏ ਹਨ ਉੱਥੇ ਮਾਲ ਵਿਭਾਗ ਦੇ ਅਧਿਕਾਰੀਆਂ ਨੇ ਵੀ ਮੁਖਤਿਆਰਨਾਮਾ ਰੱਦ ਹੋਣ ਦੇ ਬਾਵਜੂਦ ਜਮੀਨ ਦੀ ਰਜਿਸਟਰੀ ਕਰਕੇ ਜੋ ਵੱਡੀ ਘਪਲੇਬਾਜ਼ੀ ਕੀਤੀ ਹੈ, ਉਸ ਦੀ ਜਾਂਚ ਕਰਨ ਦੀ ਮੰਗ ਕੀਤੀ ਹੈ। ਗੁਰਦਿਆਲ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਪਿੰਡ ਮੁੰਡੀਆਂ ਦਾ ਰਹਿਣ ਵਾਲਾ ਹੈ ਪਰ ਉਸਦੀ ਮਾਛੀਵਾੜਾ ਨੇੜਲੇ ਪਿੰਡ ਰਾਜਗੜ੍ਹ ਵਿਖੇ ਕਰੀਬ 8 ਏਕੜ ਜ਼ੱਦੀ ਜਮੀਨ ਹੈ। ਕੁਝ ਸਾਲ ਪਹਿਲਾਂ ਉਹ ਆਪਣੇ ਪੁੱਤਰ ਹਰਫੂਲ ਸਿੰਘ ਨਾਲ ਕੈਨੇਡਾ ਦੇ ਐਡਮਿੰਟਨ ਸ਼ਹਿਰ ਵਿਖੇ ਰਹਿ ਰਿਹਾ ਸੀ ਅਤੇ ਉਸਦੇ ਪੁੱਤਰ ਨੇ ਧੋਖੇ ਨਾਲ ਉਸ ਕੋਲੋਂ ਜਮੀਨ ਦਾ ਮੁਖਤਿਆਰਨਾਮਾ ਲੈ ਕੇ ਹੁਣ ਉਸ ਨੂੰ ਘਰੋਂ ਬਾਹਰ ਕੱਢ ਦਿੱਤਾ। ਗੁਰਦਿਆਲ ਸਿੰਘ ਨੇ ਦੱਸਿਆ ਕਿ ਉਹ ਹੁਣ ਕੈਨੇਡਾ ਵਿਖੇ ਆਪਣੇ ਪੋਤਰੇ ਨਾਲ ਰਹਿ ਰਿਹਾ ਹੈ ਅਤੇ ਜਦੋਂ ਉਸ ਨੂੰ ਪਤਾ ਲੱਗਾ ਕਿ ਉਸਦਾ ਲੜਕਾ ਹਰਫੂਲ ਸਿੰਘ ਜਿਸ ਨੇ ਉਸ ਕੋਲੋਂ ਧੋਖੇ ਨਾਲ ਜਮੀਨ ਦਾ ਮੁਖਤਿਆਰਨਾਮਾ ਲਿਆ ਹੈ, ਉਸ ਨੂੰ ਵੇਚਣ ਲੱਗਾ ਹੈ ਜਿਸ ਸਬੰਧੀ ਉਸ ਨੇ ਮਾਛੀਵਾੜਾ ਸਬ ਤਹਿਸੀਲ ਵਿਖੇ ਈਮੇਲ ਰਾਹੀਂ ਜਿੱਥੇ ਇਸ ਮੁਖਤਿਆਰਨਾਮੇ ਦੀ ਵਰਤੋਂ ਨਾ ਕਰਨ 'ਤੇ ਸੂਚਿਤ ਕੀਤਾ ਅਤੇ ਨਾਲ ਹੀ ਮੁਖਤਿਆਰਨਾਮਾ ਰੱਦ ਕਰਨ ਦੇ


ਪੱਤਰਕਾਰਾਂ ਨੂੰ ਜਾਣਕਾਰੀ ਦਿੰਦਾ ਹੋਇਆ ਗੁਰਦਿਆਲ ਸਿੰਘ।

ਦਸਤਾਵੇਜ਼ ਤਿਆਰ ਕਰ ਮਾਛੀਵਾੜਾ ਸਬ ਤਹਿਸੀਲ ਵਿਖੇ ਭੇਜ ਦਿੱਤੇ। ਗੁਰਦਿਆਲ ਸਿੰਘ ਨੇ ਦੱਸਿਆ ਕਿ ਉਸ ਸਮੇਂ ਤਾਇਨਾਤ ਮਾਲ ਵਿਭਾਗ ਦੇ ਅਧਿਕਾਰੀਆਂ ਨੇ ਮਿਲੀਭੁਗਤ ਕਰ ਵੱਡੀ ਘਪਲੇਬਾਜ਼ੀ ਕਰਦਿਆਂ ਮੁਖਤਿਆਰਨਾਮਾ ਰੱਦ ਹੋਣ ਦੇ ਬਾਵਜੂਦ ਇਸ ਜਮੀਨ ਦੀ ਰਜਿਸਟਰੀ ਕਿਸੇ ਹੋਰ ਨਾਮ ਕਰਵਾ ਦਿੱਤੀ ਅਤੇ ਉਸਦੇ ਪੁੱਤਰ ਹਰਫੂਲ ਸਿੰਘ ਨੇ ਇਸ ਜਮੀਨ ਦੇ ਕਰੋੜਾਂ ਰੁਪਏ ਧੋਖਾਧੜੀ ਕਰ ਹੜੱਪ ਲਏ। ਪ੍ਰਵਾਸੀ ਪੰਜਾਬੀ ਗੁਰਦਿਆਲ ਸਿੰਘ ਨੇ ਆਪਣੇ ਨਾਲ ਹੋਈ ਧੋਖਾਧੜੀ ਅਤੇ ਮਾਲ ਵਿਭਾਗ ਦੇ ਅਧਿਕਾਰੀਆਂ ਖਿਲਾਫ਼ ਕਾਰਵਾਈ ਕਰਨ ਸਬੰਧੀ ਮੁੱਖ ਮੰਤਰੀ ਪੰਜਾਬ, ਐੱਨ.ਆਰ.ਆਈ. ਵਿਭਾਗ ਦੇ ਕੈਬਨਿਟ ਮੰਤਰੀ ਅਤੇ ਡਿਪਟੀ ਕਮਿਸ਼ਨਰ ਲੁਧਿਆਣਾ ਤੋਂ ਮੰਗ ਕੀਤੀ ਕਿ ਇਹ ਰਜਿਸਟਰੀ ਤੁਰੰਤ ਰੱਦ ਕੀਤੀ ਜਾਵੇ ਅਤੇ ਨਾਲ ਹੀ ਜੋ ਇਸ ਘਪਲੇਬਾਜ਼ੀ ਵਿਚ ਮਾਲ ਵਿਭਾਗ ਦੇ ਅਧਿਕਾਰੀ ਸ਼ਾਮਲ ਹਨ ਉਨ੍ਹਾਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇ।

### ਜਮੀਨ ਵੇਚਣ ਤੇ ਖਰੀਦਣ ਵਾਲੇ ਨੇ ਗਲਤ ਤੱਥ ਪੇਸ਼ ਕਰਕੇ ਰਜਿਸਟਰੀ ਕਰਵਾਈ: ਅਧਿਕਾਰੀ

*ਜਦੋਂ ਇਸ 8 ਏਕੜ ਜਮੀਨ ਦੀ ਰਜਿਸਟਰੀ ਸਬੰਧੀ ਮਾਲ ਵਿਭਾਗ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਸਮੇਂ ਰਜਿਸਟਰੀ ਕਰਨ ਵਾਲੇ ਨਾਇਬ ਤਹਿਸੀਲਦਾਰ ਦਾ ਤਬਾਦਲਾ ਹੋ ਚੁੱਕਾ ਸੀ, ਪਰ ਰਜਿਸਟਰੀ ਕਲਰਕ ਰਾਜਵੀਰ ਸਿੰਘ ਨੇ ਦੱਸਿਆ ਕਿ ਇਹ 8 ਏਕੜ ਜਮੀਨ ਵੇਚਣ ਤੇ ਖਰੀਦਣ ਵਾਲੇ ਨੇ ਗਲਤ ਤੱਥ ਪੇਸ਼ ਕਰਕੇ ਰਜਿਸਟਰੀ ਕਰਵਾਈ ਹੈ। ਉਨ੍ਹਾਂ ਦੱਸਿਆ ਕਿ ਮਾਛੀਵਾੜਾ ਸਬ ਤਹਿਸੀਲ ਵਲੋਂ ਇਸ ਜਮੀਨ ਨੂੰ ਵੇਚਣ ਤੇ ਖਰੀਦਣ ਵਾਲਿਆਂ ਖਿਲਾਫ਼ ਪੁਲਸ ਜ਼ਿਲਾ ਖੰਨਾ ਦੇ ਐੱਸ.ਐੱਸ.ਪੀ. ਨੂੰ ਦਰਖਾਸਤ ਦਿੱਤੀ ਹੈ ਕਿ ਉਕਤ ਵਿਅਕਤੀਆਂ ਨੇ ਗੁੰਮਰਾਹ ਕਰਕੇ ਰਜਿਸਟਰੀ ਕਰਵਾਈ ਹੈ, ਜਿਨ੍ਹਾਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।*

### ਹੈਰਾਨੀ ਦੀ ਗੱਲ, ਉਸ ਦਿਨ ਬੱਸ ਇੱਕ ਰਜਿਸਟਰੀ ਹੀ ਤਹਿਸੀਲ 'ਚ ਹੋਈ

ਗੁਰਦਿਆਲ ਸਿੰਘ ਵਲੋਂ ਮਾਛੀਵਾੜਾ ਸਬ-ਤਹਿਸੀਲ ਵਿਖੇ ਤਾਇਨਾਤ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਈ-ਮੇਲ ਰਾਹੀਂ ਸੂਚਿਤ ਕਰਨ ਅਤੇ ਮੁਖਤਿਆਰਨਾਮਾ ਰੱਦ ਕਰਨ ਦੇ ਬਾਵਜੂਦ ਵੀ ਦੂਸਰੇ ਦਿਨ ਇਸ ਜਮੀਨ ਦੀ ਰਜਿਸਟਰੀ ਕਰ ਦਿੱਤੀ ਗਈ। ਹੈਰਾਨੀ ਦੀ ਗੱਲ ਹੈ ਕਿ 13-3-2025 ਨੂੰ ਮਾਛੀਵਾੜਾ ਸਬ-ਤਹਿਸੀਲ ਵਿਚ ਕੇਵਲ ਇੱਕ ਹੀ ਰਜਿਸਟਰੀ ਹੋਈ ਕਿਉਂਕਿ ਉਸ ਦਿਨ ਅਧਿਕਾਰੀ ਸਪੈਸ਼ਲ ਇੱਕ ਰਜਿਸਟਰੀ ਕਰਨ ਲਈ ਹੀ ਤਹਿਸੀਲ ਵਿਖੇ ਆਇਆ ਜਦਕਿ ਨਿਰਧਾਰਿਤ ਕੀਤੇ ਦਿਨਾਂ ਵਿਚ ਮਾਛੀਵਾੜਾ ਸਬ ਤਹਿਸੀਲ ਵਿਚ ਕਈ ਰਜਿਸਟਰੀਆਂ ਹੁੰਦੀਆਂ ਹਨ। ਮਾਛੀਵਾੜਾ ਸਬ ਤਹਿਸੀਲ ਵਿਚ 13-3-2025 ਨੂੰ ਇੱਕ ਰਜਿਸਟਰੀ ਹੋਣਾ ਕਈ ਸ਼ੰਕੇ ਖੜੇ ਕਰਦਾ ਹੈ ਕਿ ਕਿਤੇ ਨਾ ਕਿਤੇ ਕੋਈ ਘਪਲੇਬਾਜ਼ੀ ਜਾਂ ਗੋਲਮੋਲ ਜ਼ਰੂਰ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਲੁਧਿਆਣਾ ਡਿਪਟੀ ਕਮਿਸ਼ਨਰ ਦਫ਼ਤਰ ਤੋਂ ਕਿਸੇ ਅਧਿਕਾਰੀ ਦਾ ਫੋਨ ਆਇਆ ਕਿ ਰਜਿਸਟਰੀ ਅੱਜ ਹੀ ਜ਼ਰੂਰੀ ਕੀਤੀ ਜਾਵੇ ਜਿਸ ਤੋਂ ਬਾਅਦ ਮਾਲ ਵਿਭਾਗ ਦੇ ਅਧਿਕਾਰੀਆਂ ਨੇ ਰਜਿਸਟਰੀ ਕੀਤੀ। ਹੁਣ ਇਹ ਫੋਨ ਕਰਨ ਵਾਲਾ ਅਧਿਕਾਰੀ ਕੌਣ ਹੈ, ਉਸਦਾ ਇਸ ਜਮੀਨ ਦੀ ਸਪੈਸ਼ਲ ਰਜਿਸਟਰੀ ਕਰਵਾਉਣ ਪਿੱਛੇ ਕੀ ਉਦੇਸ਼ ਹੈ ਇਹ ਵੀ ਜਾਂਚ ਦਾ ਵਿਸ਼ਾ ਹੈ।

### ਐੱਸ.ਡੀ.ਐੱਮ. ਸਮਰਾਲਾ ਨੇ ਜਮੀਨ ਦੀ ਰਜਿਸਟਰੀ ਤੇ ਇੰਤਕਾਲ 'ਤੇ ਲਗਾਈ ਰੋਕ

ਪ੍ਰਵਾਸੀ ਪੰਜਾਬੀ ਗੁਰਦਿਆਲ ਸਿੰਘ ਨੇ ਆਪਣੇ ਨਾਲ ਹੋਈ ਧੋਖਾਧੜੀ ਦਾ ਮਾਮਲਾ ਜਦੋਂ ਐੱਸ.ਡੀ.ਐੱਮ. ਸਮਰਾਲਾ ਰਜਨੀਸ਼ ਅਰੋੜਾ ਦੇ ਧਿਆਨ ਵਿਚ ਲਿਆਂਦਾ ਤਾਂ ਉਨ੍ਹਾਂ ਤੁਰੰਤ ਕਾਰਵਾਈ ਕਰਦਿਆਂ ਮਾਲ ਵਿਭਾਗ ਨੂੰ ਹੁਕਮ ਜਾਰੀ ਕੀਤੇ ਕਿ ਇਹ 8 ਏਕੜ ਜਮੀਨ ਦੀ ਅੱਗੋਂ ਨਾ ਵਿਕਰੀ ਹੋ ਸਕੇ ਅਤੇ ਨਾ ਹੀ ਇਸ ਦਾ ਇੰਤਕਾਲ ਮੰਨਜ਼ੂਰ ਕੀਤਾ ਜਾਵੇ। ਗੁਰਦਿਆਲ ਸਿੰਘ ਨੇ ਐੱਸ.ਡੀ.ਐੱਮ. ਸਮਰਾਲਾ ਰਜਨੀਸ਼ ਅਰੋੜਾ ਵਲੋਂ ਕੀਤੀ ਕਾਰਵਾਈ ਦੀ ਸ਼ਲਾਘਾ ਕਰਦਿਆਂ ਧੰਨਵਾਦ ਪ੍ਰਗਟਾਉਂਦਿਆਂ ਕਿਹਾ ਕਿ ਇਸ ਉੱਚ ਅਧਿਕਾਰੀ ਨੇ ਉਨ੍ਹਾਂ ਦੀ ਸੁਣਵਾਈ ਕੀਤੀ ਪਰ ਮਾਛੀਵਾੜਾ ਸਬ ਤਹਿਸੀਲ ਵਿਖੇ ਅਧਿਕਾਰੀਆਂ ਨੇ ਵਾਰ-ਵਾਰ ਈਮੇਲ ਕਰਨ ਦੇ ਬਾਵਜੂਦ ਤੇ ਮੁਖਤਿਆਰਨਾਮਾ ਰੱਦ ਕਰਨ ਦੀ ਸੂਚਨਾ ਦੇਣ ਦੇ ਬਾਵਜੂਦ ਵੀ ਰਜਿਸਟਰੀ ਕਰਕੇ ਵੱਡੀ ਘਪਲੇਬਾਜ਼ੀ ਤੇ ਮਿਲੀਭੁਗਤ ਸਾਹਮਣੇ ਆਈ ਹੈ ਜਿਸ ਦੀ ਜਾਂਚ ਬਹੁਤ ਜ਼ਰੂਰੀ ਹੈ ਤਾਂ ਜੋ ਸੱਚਾਈ ਸਾਹਮਣੇ ਆ ਸਕੇ। ਇਸ ਸਬੰਧੀ ਐੱਸ.ਡੀ.ਐੱਮ. ਰਜਨੀਸ਼ ਅਰੋੜਾ ਨੇ ਕਿਹਾ ਕਿ ਮੁੱਢਲੀ ਜਾਂਚ ਦੌਰਾਨ ਸਾਹਮਣੇ ਆਇਆ ਕਿ ਗੁਰਦਿਆਲ ਸਿੰਘ ਨਾਲ ਧੱਕਾ ਹੋਇਆ, ਉਸਦੀ ਜਮੀਨ ਦੀ ਰਜਿਸਟਰੀ ਗਲਤ ਕੀਤੀ ਗਈ। ਇਸ ਕਰਕੇ ਉਨ੍ਹਾਂ ਹੁਕਮ ਜਾਰੀ ਕੀਤੇ ਕਿ ਨਾ ਹੀ ਜਮੀਨ ਦਾ ਇੰਤਕਾਲ ਮੰਨਜ਼ੂਰ ਕੀਤਾ ਜਾਵੇ ਅਤੇ ਨਾ ਹੀ ਇਸ ਦੀ ਵਿਕਰੀ ਕੀਤੀ ਜਾਵੇ। ਉਨ੍ਹਾਂ ਕਿਹਾ ਬਾਕੀ ਮਾਣਯੋਗ ਅਦਾਲਤ ਵਿਚ ਦੋਵਾਂ ਧਿਰਾਂ ਵਲੋਂ ਜਮੀਨ ਸਬੰਧੀ ਕੇਸ ਦਾਇਰ ਕੀਤਾ ਹੈ ਜਿਸ ਸਬੰਧੀ ਜੋ ਵੀ ਫੈਸਲਾ ਹੋਵੇਗਾ ਉਹ ਮੰਨਜ਼ੂਰ ਹੋਵੇਗਾ।

# ਮੱਕੀ ਵੇਚਣ ਆਏ ਕਿਸਾਨਾਂ ਦੇ ਮੀਂਹ ਨੇ ਸਾਹ ਸੂਤੇ, ਥੋੜ੍ਹੇ ਹੀ ਮੀਂਹ ਨਾਲ ਮੰਡੀ ਬਣੀ ਝੀਲ, ਭਰਿਆ ਥਾਂ ਥਾਂ ਪਾਣੀ


ਮੀਂਹ ਨਾਲ ਭਿੱਜੀ ਮੱਕੀ ਅਤੇ ਵਿੱਥਿਆ ਸੁਣਾਉਂਦੇ ਕਿਸਾਨ

**ਮਾਛੀਵਾੜਾ ਸਾਹਿਬ 5 ਜੁਲਾਈ (ਮਾਸਟਰ ਸਤੀਸ਼ ਕੁਮਾਰ)** ਮਾਨਸੂਨ ਛੇਤੀ ਆ ਜਾਣ ਨਾਲ ਭਾਵੇਂ ਪੰਜਾਬ ਵਾਸੀਆਂ ਨੂੰ ਗਰਮੀ ਤੋਂ ਕਾਫੀ ਹੱਦ ਤੱਕ ਰਾਹਤ ਮਿਲੀ ਹੈ ਪਰ ਕਿਸਾਨਾਂ ਦੇ ਸਾਹ ਸੂਤੇ ਗਏ ਹਨ ਕਿਉਂਕਿ ਖੇਤਾਂ ਵਿੱਚ ਖੜ੍ਹੀ ਮੱਕੀ ਦੀ ਫਸਲ ਮੀਂਹ ਪੈਣ ਨਾਲ ਬਰਬਾਦ ਹੋ ਰਹੀ ਹੈ। ਬੀਤੇ ਕੱਲ੍ਹ ਥੋੜ੍ਹੀ ਬਾਰਿਸ਼ ਨਾਲ ਹੀ ਮਾਛੀਵਾੜਾ ਸਾਹਿਬ ਦੀ ਮੰਡੀ ਝੀਲ ਦਾ ਰੂਪ ਧਾਰਨ ਕਰ ਗਈ ।ਮਾੜੇ ਸੀਵਰੇਜ ਸਿਸਟਮ ਕਾਰਨ ਥਾਂ-ਥਾਂ ਪਾਣੀ ਭਰ ਗਿਆ ਤੇ ਮੱਕੀ ਦੀ ਫਸਲ ਭਿੱਜ ਕੇ ਬਰਬਾਦ ਹੋਈ। ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਹੀ ਕਰੋੜਾਂ ਰੁਪਏ ਦੀ ਲਾਗਤ ਨਾਲ ਸੀਵਰੇਜ ਸਿਸਟਮ ਤਿਆਰ ਕਰ ਚਲਾਇਆ ਗਿਆ ਸੀ ਪਰ ਥੋੜੇ ਜਿਹੇ ਮੀਂਹ ਤੋਂ ਬਾਅਦ ਹੀ ਸੀਵਰੇਜ ਸਿਸਟਮ ਆਪਣੀ ਅਸਲੀ ਹਾਲਤ ਬਿਆਨ ਕਰ ਰਿਹਾ ਹੈ। ਮਾੜਾ ਮਟੀਰੀਅਲ ਵਰਤਣ ਕਾਰਨ ਸੀਵਰੇਜ ਹੌਦੀਆਂ ਤੇ ਬਣੇ ਹੋਏ ਢੱਕਣ ਬੁਰੀ ਤਰ੍ਹਾਂ ਟੁੱਟ ਚੁੱਕੇ ਹਨ। ਤੇ ਹਲਕੀ ਜਿਹੀ ਬਾਰਿਸ਼ ਨਾਲ ਵੀ ਕਿਸਾਨਾਂ ਦੀ ਫਸਲ ਰੁੜ ਕੇ ਇਹਨਾਂ ਸੀਵਰੇਜ ਪਾਈਪਾਂ ਵਿੱਚ ਚਲੀ ਜਾਂਦੀ ਹੈ।। ਮੀਂਹ ਕਾਰਨ ਮੱਕੀ ਦੀ ਫਸਲ ਭਿੱਜ ਜਾਣ ਕਾਰਨ ਮਾਯੂਸ ਹੋਏ ਕਿਸਾਨ ਉਦਾਸ ਅਤੇ ਚਿੰਤਾਤੁਰ ਸਨ। ਮਾਛੀਵਾੜਾ ਦੇ ਨਾਲ ਲੱਗਦੇ ਲੱਖੋਵਾਲ ਕਲਾ ਅਨਾਜ ਮੰਡੀ ਵਿੱਚ ਵੀ ਬਾਰਿਸ਼ ਕਾਰਨ ਮੱਕੀ ਦੀ ਫਸਲ ਕਾਫੀ ਭਿੱਜ ਗਈ ਭਾਵੇਂ ਬਹੁਤੀ ਥਾਈ ਤਰਪਾਲਾਂ ਨਾਲ ਮੱਕੀ ਨੂੰ ਢਕਣ ਦਾ ਪ੍ਰਬੰਧ ਕੀਤਾ ਹੋਇਆ ਸੀ। ਪਰ ਅਚਾਨਕ ਆਈ ਬਾਰਿਸ਼ ਨੇ ਕਾਫੀ ਮਾਤਰਾ ਵਿੱਚ ਮੱਕੀ ਦੀ ਫਸਲ ਨੂੰ ਭਿਉਂ ਦਿੱਤਾ। ਮੰਡੀ ਵਿੱਚ ਮੌਜੂਦ ਕਿਸਾਨਾਂ ਨੇ ਦੱਸਿਆ ਕਿ ਕਿਸਾਨੀ ਨੂੰ ਹਰ ਵਾਰ ਕਿਸੇ ਨਾ ਕਿਸੇ ਤਰ੍ਹਾਂ ਦੀ ਮਾਰ ਝੱਲਣੀ ਪੈ ਜਾਂਦੀ ਹੈ ਕਦੇ ਕੋਈ ਬਿਮਾਰੀ ਉਹਨਾਂ ਦੀਆਂ ਫਸਲਾਂ ਨੂੰ ਖਰਾਬ ਕਰ ਜਾਂਦੀਆਂ ਕਦੇ ਬੇਮੌਸਮੀ ਬਾਰਿਸ਼ ਫਸਲਾਂ ਤੇ ਪਾਣੀ ਫੇਰ ਦਿੰਦੀ ਹੈ। ਉਹਨਾਂ ਦੱਸਿਆ ਕਿ ਮੱਕੀ ਦੀ ਫਸਲ ਜਿਹੜੀ 70 ਤੋਂ 80 ਹਜਾਰ ਕਰੀਬ ਕੀਲੇ ਵਿੱਚੋਂ ਨਿਕਲਣ ਦੀ ਸੰਭਾਵਨਾ ਸੀ ,ਉਹ ਭਿੱਜਣ ਤੋਂ ਬਾਅਦ ਉਸ ਦੀ ਕੀਮਤ ਘੱਟ ਜਾਂਦੀ ਹੈ ਤੇ ਉਹ ਕਰੀਬ 25-30 ਹਜਾਰ ਦੇ ਕਰੀਬ ਹੀ ਰਹਿ ਜਾਂਦੀ ਹੈ ਜਿਸ ਨਾਲ ਕਿਸਾਨ ਦਾ ਕੀਤਾ ਹੋਇਆ ਹਜ਼ਾਰਾਂ ਰੁਪਏ ਦਾ ਖਰਚਾ ਵੀ ਪੂਰਾ ਨਹੀਂ ਹੁੰਦਾ। ਕਿਸਾਨਾਂ ਨੇ ਗੱਲਬਾਤ ਕਰਦਾ ਦੱਸਿਆ ਕਿ ਭਾਵੇਂ ਮੰਡੀ ਦੇ ਵਿੱਚ ਤਰਪਾਲਾਂ ਦਾ ਪ੍ਰਬੰਧ ਕੀਤਾ ਹੋਇਆ ਪਰ ਫਿਰ ਵੀ ਪੁਖਤਾ ਹੋਰ ਬਰਬਾਦ ਕੀਤੇ ਜਾਣੇ ਬਾਕੀ ਹਨ। ਕਿਸਾਨਾਂ ਨੇ ਗੱਲਬਾਤ ਦੌਰਾਨ ਕਿਹਾ ਕਿ ਮੱਕੀ ਦੀ ਫਸਲ ਭਿੱਜ ਜਾਣ ਤੋਂ ਬਾਅਦ ਇਸਦੀ ਕੀਮਤ ਵਿੱਚ ਵੱਡਾ ਘਾਟਾ ਪੈਂਦਾ ਹੈ, ਜਿਸ ਦੀ ਮਾਰ ਕਿਸਾਨਾਂ ਨੂੰ ਹੀ ਝੱਲਣੀ ਪੈਂਦੀ ਹੈ। ਕੁਝ ਕਿਸਾਨਾਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਲੱਖੋਵਾਲ ਮੰਡੀ ਦੇ ਵਿੱਚ ਜੋ ਸ਼ੈਡ ਬਣਿਆ ਹੋਇਆ ਹੈ ਉਸ ਵਿੱਚ ਮੱਕੀ ਦੀ ਫਸਲ ਖੜ੍ਹਾਉਣ ਲਈ ਟਰਾਲੀਆਂ ਲੈ ਕੇ ਗਏ ਤਾਂ ਉੱਥੇ ਮੌਜੂਦ ਲੇਬਰ ਵਾਲਿਆਂ ਨੇ ਉਹਨਾਂ ਨੂੰ ਟਰਾਲੀਆਂ ਵੀ ਅੰਦਰ ਖੜ੍ਹਾਉਣ ਨਹੀਂ ਦਿੱਤੀਆਂ ਕਿਉਂਕਿ ਲੇਬਰ ਵਾਲਿਆਂ ਦਾ ਉੱਥੇ ਮੱਕੀ ਦੀ ਫਸਲ ਦਾ ਬੂਰਾ ਤੇ ਫੂਸ ਆਦਿ ਪਿਆ ਸੀ। ਹੁਣ ਆਪਾਂ ਰੇਮਨ ਨਾਲ ਕਿਹਾ ਕਿ ਇਹ ਸ਼ੈਡ ਭਾਵੇਂ ਬਣਿਆ ਹੋਇਆ ਕਿਸਾਨਾਂ ਲਈ ਹੈ ਤਾਂ ਜੋ ਮੌਸਮ ਦੀ ਬੇਤਰਤੀਬੀ ਦੇ ਸਮੇਂ ਦੌਰਾਨ ਆਪਣੀਆਂ ਫਸਲਾਂ ਨੂੰ ਭਿੱਜਣ ਤੋਂ ਬਚਾਉਣ ਲਈ ਇਸ ਸ਼ੈਡ ਦੇ ਵਿੱਚ ਲਿਆ ਸਕਣ , ਪਰ ਲੇਬਰ ਵਾਲਿਆਂ ਨੇ ਆਪਣਾ ਫੂਸ ਅਤੇ ਬੂਰਾ ਆਦਿ ਬਚਾਉਣ ਲਈ ਉੱਥੇ ਰੱਖਿਆ ਹੋਇਆ ਜਿਸ ਕਾਰਨ ਉਹਨਾਂ ਨੂੰ ਸ਼ੈਡ ਅੰਦਰ ਆਪਣੀ ਫਸਲ ਬਚਾਉਣ ਲਈ ਟਰਾਲੀਆਂ ਆਦਿ ਖੜਾ ਕਰਨ ਤੋਂ ਮਨ੍ਹਾ ਕਰ ਦਿੱਤਾ ਗਿਆ। ਮੰਡੀ ਵਿੱਚ ਮੌਜੂਦ ਕਿਸਾਨਾਂ ਨੇ ਮਾਰਕੀਟ ਕਮੇਟੀ ਅਤੇ ਆੜ੍ਹਤੀ ਭਾਈਚਾਰੇ ਨੂੰ ਅਪੀਲ ਕਰਦਿਆਂ ਕਿਹਾ ਕਿ ਸ਼ੈਡਾਂ ਥੱਲੇ ਪਿਆ ਲੇਬਰ ਦਾ ਫਾਲਤੂ ਸਮਾਨ ਚੁਕਾਇਆ ਜਾਵੇ ਤਾਂ ਜੋ ਮੌਸਮ ਦੀ ਖਰਾਬੀ ਮੌਕੇ ਉਹ ਆਪਣੀਆਂ ਫਸਲਾਂ ਨੂੰ ਬਚਾਉਣ ਲਈ ਸ਼ੈਡ ਅੰਦਰ ਲਿਆ ਸਕਣ।

# ਸਰਹੱਦ ਪਾਰੋਂ ਨਸ਼ਾ ਤਸਕਰੀ ਕਰਨ ਵਾਲੇ ਨੈੱਟਵਰਕ ਦਾ ਅੰਮ੍ਰਿਤਸਰ ਵਿੱਚ ਪਰਦਾਫਾਸ਼ ; 5 ਕਿਲੋ ਹੈਰੋਇਨ ਸਮੇਤ ਚਾਰ ਗ੍ਰਿਫ਼ਤਾਰ

### ਪਾਕਿਸਤਾਨ ਅਧਾਰਤ ਤਸਕਰ ਕਾਕਾ ਦੇ ਨਿਰਦੇਸ਼ਾਂ ਤੇ ਕੰਮ ਕਰ ਰਹੇ ਸਨ ਗ੍ਰਿਫ਼ਤਾਰ ਕੀਤੇ ਦੋਸ਼ੀ: ਡੀਜੀਪੀ ਗੌਰਵ ਯਾਦਵ

**ਅੰਮ੍ਰਿਤਸਰ, 5 ਜੁਲਾਈ (ਸੋਨੂੰ ਨਰੂਲਾ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਪਾਕਿਸਤਾਨ ਨਾਲ ਸਬੰਧਾਂ ਵਾਲੇ ਇੱਕ ਨਸ਼ਾ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕੀਤਾ ਅਤੇ ਇਸਦੇ ਚਾਰ ਕਾਰਕੁਨਾਂ ਨੂੰ 5 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ਨੀਵਾਰ ਨੂੰ ਇੱਥੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਰੇਸ਼ਮ ਸਿੰਘ, ਗੁਰਪਿੰਦਰ ਸਿੰਘ ਦੋਵੇਂ ਵਾਸੀ ਧਨੋਏ ਕਲਾਂ (ਅੰਮ੍ਰਿਤਸਰ), ਰੂਪਪ੍ਰੀਤ ਸਿੰਘ ਅਤੇ ਸ਼ੁਭਕਰ ਮਨਜੀਤ ਸਿੰਘ ਦੋਵੇਂ ਵਾਸੀ ਸਹਿਨੇਵਾਲੀ (ਅੰਮ੍ਰਿਤਸਰ) ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ 5 ਕਿਲੋ ਹੈਰੋਇਨ




ਬਰਾਮਦ ਕਰਨ ਤੋਂ ਇਲਾਵਾ ਉਨ੍ਹਾਂ ਦੀ ਮਹਿੰਦਰਾ ਥਾਰ (ਪੀਬੀ08-ਐਫਸੀ-7002) ਅਤੇ ਹੀਰੋ ਸਪਲੈਂਡਰ ਮੋਟਰਸਾਈਕਲ (ਪੀਬੀ02-ਡੀਵੀ-6761) ਨੂੰ ਵੀ ਜ਼ਬਤ ਕੀਤਾ ਹੈ, ਜਿਨ੍ਹਾਂ ਦੀ ਵਰਤੋਂ ਖੇਪਾਂ ਨੂੰ ਲਿਆਉਣ-ਲਿਜਾਣ ਲਈ ਕੀਤੀ ਜਾਂਦੀ ਸੀ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਪਾਕਿਸਤਾਨ ਸਥਿਤ ਤਸਕਰ ਕਾਕਾ, ਜੋ ਕਿ ਪਾਕਿਸਤਾਨ ਦੇ ਦਿਆਲ ਦਾ ਰਹਿਣ ਵਾਲਾ ਹੈ, ਦੇ ਨਿਰਦੇਸ਼ਾਂ ਹੇਠ ਕੰਮ ਕਰ ਰਹੇ ਸਨ ।ਜਿਕਰਯੋਗ ਹੈ ਤਸਕਰ ਕਾਕਾ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਖੇਪ ਸੁੱਟਣ ਲਈ ਡਰੋਨ ਦੀ ਵਰਤੋਂ ਕਰਦਾ ਸੀ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਨਸ਼ੀਲੇ ਪਦਾਰਥਾਂ ਦੀਆਂ ਖੇਪਾਂ ਸੂਬੇ ਵਿੱਚ ਅੱਗੇ ਹੋਰ ਨਸ਼ਾ ਕਾਰੋਬਾਰੀਆਂ ਤੱਕ ਪਹੁੰਚਾਉਂਦੇ ਸਨ।

ਡੀਜੀਪੀ ਨੇ ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਕਾਊਂਟਰ ਇੰਟੈਲੀਜੈਂਸ, ਅੰਮ੍ਰਿਤਸਰ ਦੀਆਂ ਟੀਮਾਂ ਨੂੰ ਅੰਮ੍ਰਿਤਸਰ ਦੇ ਪਿੰਡ ਧਨੋਏ ਕਲਾਂ ਨੇੜੇ ਪੈਂਦੇ ਭਾਰਤ-ਪਾਕਿਸਤਾਨ ਸਰਹੱਦੀ ਖੇਤਰ ਦੇ ਨੇੜੇ ਕੁਝ ਵਿਅਕਤੀਆਂ ਵੱਲੋਂ ਨਸ਼ੀਲੇ ਪਦਾਰਥਾਂ ਦੀ ਖੇਪ ਪ੍ਰਾਪਤ ਕਰਨ ਬਾਰੇ ਪੁਖ਼ਤਾ ਇਤਲਾਹ ਮਿਲੀ ਸੀ।

ਉਨ੍ਹਾਂ ਕਿਹਾ ਕਿ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਪੁਲਿਸ ਟੀਮਾਂ ਨੇ ਅਟਾਰੀ ਤੋਂ ਪੁਲ ਕੰਜਰੀ ਰੋਡ, ਅੰਮ੍ਰਿਤਸਰ ਵੱਲ ਜਾਂਦੇ ਚਾਰ ਵਿਅਕਤੀਆਂ ਨੂੰ ਰੋਕ ਕੇ ਉਦੋਂ ਕਾਬੂ ਕਰ ਲਿਆ , ਜਦੋਂ ਉਹ ਆਪਣੇ ਵਾਹਨਾਂ ਤੇ ਖੇਪ ਪਹੁੰਚਾਉਣ ਜਾ ਰਹੇ ਸਨ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਹੈਰੋਇਨ ਦੀ ਖੇਪ ਵੀ ਬਰਾਮਦ ਕੀਤੀ । ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਨੈੱਟਵਰਕ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ। ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ। ਇਸ ਸਬੰਧ ਵਿੱਚ ਅੰਮ੍ਰਿਤਸਰ ਦੇ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21, 25 ਅਤੇ 29 ਤਹਿਤ ਐਫਆਈਆਰ ਨੰਬਰ 36 ਮਿਤੀ 05-07-2025 ਨੂੰ ਕੇਸ ਦਰਜ ਕੀਤਾ ਗਿਆ ਹੈ।

# ਮੀਂਹ ਕਾਰਨ ਪਾਣੀ 'ਚ ਡੁੱਬਿਆ ਸ਼ਹਿਰ ਦੋਰਾਹਾ, ਪਾਣੀ ਦੀ ਨਿਕਾਸੀ ਨੂੰ ਲੈ ਕੇ ਲੋਕਾਂ ਨੇ ਪ੍ਰਸ਼ਾਸ਼ਨ 'ਤੇ ਕੱਢੀ ਭੜਾਸ

**ਦੋਰਾਹਾ 5 ਜੁਲਾਈ (ਅਮਰੀਸ਼ ਆਨੰਦ)** ਪਿਛਲੇ ਕੁਝ ਦਿਨਾਂ ਤੋਂ ਹੁੰਮਸ ਭਰੀ ਗਰਮੀ ਤੋਂ ਪ੍ਰੇਸ਼ਾਨ ਲੋਕਾਂ ਲਈ ਦਾ ਦਿਨ ਕੁਝ ਰਾਹਤ ਲੈ ਕੇ ਆਇਆ। ਸ਼ਹਿਰ ਦੋਰਾਹਾ ਦੇ ਵਿੱਚ ਸ਼ਨੀਵਾਰ ਦੁੱਪਹਿਰ ਕਰੀਬ 55 ਮਿੰਟ ਮੀਂਹ ਪਿਆ ਅਤੇ ਤਾਪਮਾਨ ਵਿੱਚ ਦੋ ਡਿਗਰੀ ਦੀ ਗਿਰਾਵਟ ਦਰਜ ਕੀਤੀ ਗਈ ਪਰ ਨਗਰ ਕੌਂਸਲ ਦੀ ਢਿੱਲੀ ਕਾਰਵਾਈ ਕਾਰਨ ਕੁਝ ਸਮੇਂ ਲਈ ਹੋਈ ਬਾਰਿਸ਼ ਨਾਲ ਹੀ ਲਈ ਸ਼ਹਿਰ ਦੀਆਂ ਸੜਕਾਂ ਪਾਣੀ ਵਿਚ ਡੁੱਬ ਗਈਆਂ। ਮਹਿਜ਼ 50 ਮਿੰਟ ਦੀ ਬਾਰਿਸ਼ ਨੇ ਸ਼ਹਿਰ ਨੂੰ ਜਲ-ਥਲ ਕਰ ਦਿੱਤਾ। ਸ਼ਹਿਰ ਦੋਰਾਹਾ ਦੀਆਂ ਸਾਰੀਆਂ ਸੜਕਾਂ ਅਤੇ ਗਲੀਆਂ ਵਿੱਚ ਪਾਣੀ ਭਰ ਗਿਆ ਜਿਸ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ



ਪਿਆ। ਬਾਰਿਸ਼ ਨੇ ਨਗਰ ਕੌਂਸਲ ਦੇ ਪ੍ਰਬੰਧਾਂ ਦੀ ਪੋਲ ਖੋਲ੍ਹ ਦਿੱਤੀ। ਸਥਿਤੀ ਇਹ ਹੈ ਕਿ ਬਰਸਾਤਾਂ ਦਾ ਸੀਜ਼ਨ ਸ਼ੁਰੂ ਹੋ ਗਿਆ ਹੈ ਜਿਸ ਕਾਰਨ ਲੋਕਾਂ ਨੂੰ ਪਾਣੀ ਭਰਨ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇਕਰ ਆਉਣ ਵਾਲੇ ਦਿਨਾਂ ਚ ਭਾਰੀ ਬਾਰਿਸ਼ ਹੁੰਦੀ ਹੈ ਤਾਂ ਪਾਣੀ ਲੋਕਾਂ ਦੇ ਘਰਾਂ ਤੱਕ ਪਹੁੰਚ ਸਕਦਾ ਹੈ। ਬਰਸਾਤ ਕਾਰਨ ਸ਼ਹਿਰ ਦੋਰਾਹਾ ਦੀ ਲੱਕੜ ਮੰਡੀ ਨਗਰ ਕੌਂਸਲ ਦਫਤਰ ਰੋਡ ,ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੋਡ, ਅੜੈਚਾਂ ਰੋਡ,ਗੁਰੂ ਨਾਨਕ ਸਕੂਲ ਰੋਡ, ਗੁਰੂਦਵਾਰਾ ਗੋਵਿੰਦ ਸਾਗਰ ਰੋਡ, ਬੱਸ ਸਟੈਂਡ ਰੋਡ 'ਤੇ ਰਾਜਵੰਤ ਹਸਪਤਾਲ ਰੋਡ ਰੋਡ ਆਦਿ ਵਿੱਚ ਪਾਣੀ ਭਰ ਗਿਆ। ਸ਼ਨੀਵਾਰ ਦੁੱਪਹਿਰ ਕਰੀਬ 55 ਮਿੰਟ ਕਰੀਬ 3 ਵਜੇ ਸ਼ੁਰੂ ਹੋਈ ਤੇਜ਼ ਬਾਰਿਸ਼ 4 ਤੱਕ ਜਾਰੀ ਰਹੀ। ਸ਼ਹਿਰ ਦੇ ਨੀਵੇਂ ਇਲਾਕਿਆਂ ਵਿੱਚ ਸਥਿਤੀ ਹੋਰ ਵੀ ਮਾੜੀ ਹੋ ਗਈ ਜਿੱਥੇ ਪਾਣੀ ਲੋਕਾਂ ਦੇ ਘਰਾਂ ਵਿੱਚ ਵੀ ਵੜ ਗਿਆ। ਜੇਕਰ ਬਰਸਾਤ ਥੋੜੀ ਦੇਰ ਹੋਰ ਹੁੰਦੀ ਤਾਂ ਸਥਿਤੀ ਹੋਰ ਵਿਗੜ ਸਕਦੀ ਸੀ। ਸੜਕਾਂ 'ਤੇ ਪਾਣੀ ਭਰ ਜਾਣ ਕਾਰਨ ਆਵਾਜਾਈ ਪ੍ਰਭਾਵਿਤ ਹੋਈ। ਇੱਥੋਂ ਤੱਕ ਕਿ ਵਾਹਨਾਂ ਦਾ ਲੰਘਣਾ ਵੀ ਔਖਾ ਹੋ ਗਿਆ ਹੈ। ਇਸ 55 ਮਿੰਟ ਦੀ ਬਰਸਾਤ ਕਾਰਨ ਸ਼ਹਿਰ ਵਿੱਚ ਜਮਾ ਹੋਏ ਪਾਣੀ ਨੇ ਨਗਰ ਕੌਂਸਲ ਵੱਲੋਂ ਕੀਤੇ ਜਾ ਰਹੇ ਨਾਲਿਆਂ ਦੀ ਸਫ਼ਾਈ ਦੇ ਕੰਮ ਦੀ ਪੂਰੀ ਪੋਲ ਖੋਲ੍ਹ ਦਿੱਤੀ ਹੈ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਸਮੇਂ ਸਿਰ ਨਾਲਿਆਂ ਦੀ ਸਫ਼ਾਈ ਕਰਵਾਈ ਗਈ ਹੁੰਦੀ ਤਾਂ ਘੱਟੋ-ਘੱਟ ਇਸ ਮਾਮੂਲੀ ਬਰਸਾਤ ਦੌਰਾਨ ਸ਼ਹਿਰ ਦੀ ਇਹ ਹਾਲਤ ਨਾ ਹੁੰਦੀ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਤੇਜ਼ ਬਾਰਿਸ਼ ਹੁੰਦੀ ਤਾਂ ਸਥਿਤੀ ਹੋਰ ਵੀ ਬਦਤਰ ਹੋ ਸਕਦੀ ਸੀ। ਇੱਕ ਫੁੱਟ ਤੋਂ ਲੈ ਕੇ ਤਿੰਨ-ਤਿੰਨ ਫੁੱਟ ਤੱਕ ਪਾਣੀ ਖੜ੍ਹਾ ਹੋ ਗਿਆ, ਜਿਸ ਕਰਕੇ ਟਰੈਫਿਕ ਦੀਆਂ ਵੀ ਬਰੇਕਾਂ ਲੱਗ ਗਈਆਂ ਅਤੇ ਲੋਕ ਪਾਣੀ ਦੀ ਸਮੱਸਿਆ ਦੇ ਨਾਲ ਦੋ ਚਾਰ ਹੁੰਦੇ ਵਿਖਾਈ ਦਿੱਤੇ ਅਤੇ ਨਾਲ ਹੀ ਆਪਣੀ ਭੜਾਸ ਵੀ ਉਹਨਾਂ ਨੇ ਜੰਮ ਕੇ ਕੱਢੀ।

# ਚੀਮਾ-ਜੋਧਪੁਰ ਦੇ ਖ਼ੂਨੀ ਕੱਟ ਨੇ ਲਈ ਇੱਕ ਹੋਰ ਵਿਅਕਤੀ ਦੀ ਜਾਨ

**ਬਰਨਾਲਾ,5 ਜੁਲਾਈ (ਜਗਸੀਰ ਸਿੰਘ ਧਾਲੀਵਾਲ ਸਹਿਜੜਾ)**: ਬਰਨਾਲਾ ਜ਼ਿਲ੍ਹੇ ਦੇ ਪਿੰਡ ਚੀਮਾ-ਜੋਧਪੁਰ ਦੇ ਬੱਸ ਅੱਡੇ ਤੇ ਬਰਨਾਲਾ-ਮੋਗਾ ਕੌਮੀ ਹਾਈਵੇ ਉੱਤੇ ਗ਼ਲਤ ਢੰਗ ਨਾਲ ਛੱਡੇ ਖ਼ੂਨੀ ਕੱਟ ਨੇ ਬੀਤੀ ਰਾਤ ਇੱਕ ਹੋਰ ਵਿਅਕਤੀ ਦੀ ਜਾਨ ਲੈ ਲਈ ਹੈ। ਬੀਤੀ ਰਾਤ ਇੱਕ ਟਰੱਕ ਜੋ ਜੋਧਪੁਰ ਤੋਂ ਆਇਆ ਸੀ ਤੇ ਕੱਟ ਤੋਂ ਬਰਨਾਲਾ ਵੱਲ ਮੁੜ ਰਿਹਾ ਸੀ ਤੇ ਬਰਨਾਲਾ ਵੱਲੋਂ ਆ ਰਹੀ ਅਲਟੋ ਕਾਰ ਦੀ ਜਬਰਦਸਤ ਟੱਕਰ ਹੋ ਗਈ ।ਟੱਕਰ ਐਨੀ ਭਿਆਨਕ ਸੀ ਕਿ ਗੱਡੀ ਦੇ ਚੀਥੜੇ ਉੱਡ ਗਏ ਤੇ ਗੱਡੀ ਵਿੱਚ ਸਵਾਰ ਵਿਅਕਤੀ ਦੀ ਮੌਤ ਹੋ ਗਈ । ਗੱਡੀ ਸਵਾਰ



ਵਿਅਕਤੀ ਬਠਿੰਡਾ ਜ਼ਿਲ੍ਹੇ ਦੇ ਪਿੰਡ ਕਾਂਗੜ ਦਾ ਸਤੀਸ਼ ਕੁਮਾਰ ਸੀ ਜੋ ਬਰਨਾਲਾ ਤੋਂ ਆਪਣੇ ਪਿੰਡ ਵਾਪਿਸ ਪਰਤ ਰਿਹਾ ਸੀ।ਜ਼ਿਕਰਯੋਗ ਹੈ ਇਸ ਖ਼ੂਨੀ ਕੱਟ ਤੇ ਪਹਿਲਾ ਵੀ ਕਈ ਹਾਦਸੇ ਹੋ ਚੁੱਕੇ ਹਨ ਤੇ ਕਈ ਵਿਅਕਤੀਆਂ ਦੀ ਜਾਨ ਵੀ ਜਾ ਚੁੱਕੀ ਹੈ ਖ਼ੂਨੀ ਕੱਟ ਤੇ ਪੁਲ ਬਣਾਉਣ ਲਈ ਕਿਸਾਨ ਜੱਥੇਬੰਦੀਆਂ ਨੇ ਕਈ ਮਹੀਨੇ ਸੰਘਰਸ਼ ਵੀ ਕੀਤਾ ਸੀ ਪਰ ਪ੍ਰਸਾਸ਼ਨ ਤੇ ਸੜਕ ਮਹਿਕਮੇ ਤੇ ਕੋਈ ਅਸਰ ਨਹੀਂ ਹੋਇਆ। ਲੋਕਾਂ ਦੀ ਮੰਗ ਹੈ ਕਿ ਪੁਲ ਨਹੀਂ ਬਣਾਉਣਾ ਤਾਂ ਘੱਟੋ ਘੱਟੋ ਸਹੀ ਢੰਗ ਨਾਲ ਕੱਟ ਤਾਂ ਬਣਾ ਦੇਣ ਤਾਂ ਜੋ ਲੋਕਾਂ ਦੀ ਅਜਾਈ ਜਾਨ ਨਾ ਜਾਵੇ।

# ਬਲਾਕ ਭੀਖੀ ਨੂੰ ਤੋੜਨ ਦੇ ਵਿਰੋਧ 'ਚ ਚੱਲ ਰਿਹਾ ਧਰਨਾ 20ਵੇਂ ਦਿਨ 'ਚ ਸ਼ਾਮਲ

**ਭੀਖੀ, 5 ਜੁਲਾਈ (ਸੰਦੀਪ ਤਾਇਲ/ਅਜੇ ਸ਼ਰਮਾ)** ਸੂਬਾ ਸਰਕਾਰ ਦੀ ਬਲਾਕਾਂ ਦੇ ਪੁਨਰਗਠਨ ਦੀ ਨੀਤੀ ਤਹਿਤ ਬਲਾਕ ਭੀਖੀ ਨੂੰ ਤੋੜ ਕੇ ਮਾਨਸਾ ਵਿੱਚ ਸ਼ਾਮਲ ਕਰਨ ਦੀ ਤਜਵੀਜ ਨੂੰ ਲੈਕੇ ਸਥਾਨਕ ਬੀਡੀਪੀਓ ਦਫਤਰ ਵਿਖੇ ਵੱਖ ਵੱਖ ਜਥੇਬੰਦੀਆਂ ਵਲੋਂ ਦਿੱਤਾ ਜਾ ਰਿਹਾ ਰੋਸ ਧਰਨਾ 20ਵੇਂ ਦਿਨ ਵਿੱਚ ਸ਼ਾਮਲ ਹੋ ਗਿਆ ਹੈ। ਇਸ ਮੌਕੇ ਪੰਜਾਬ ਪ੍ਰਦੇਸ਼ ਕਿਸਾਨ ਕਾਂਗਰਸ ਬਲਜੀਤ ਸ਼ਰਮਾ ਖੀਵਾ, ਏਟਕ ਆਗੂ ਕਰਨੈਲ ਸਿੰਘ ਭੀਖੀ, ਕਿਸਾਨ ਆਗੂ ਭੋਲਾ ਸਿੰਘ ਸਮਾਉਂ, ਮਜਦੂਰ ਮੁਕਤੀ ਮੋਰਚਾ ਦੇ ਭੂਰਾ ਸਿੰਘ ਸਮਾਉਂ, ਕੁੱਲ ਹਿੰਦ ਕਿਸਾਨ ਸਭਾ ਦੇ ਰੂਪ ਸਿੰਘ ਢਿਲੋਂ ਨੇ ਕਿਹਾ ਕਿ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵਲੋਂ ਲੋਕਾਂ ਨੂੰ ਪ੍ਰਸ਼ਾਸਨਿਕ ਸੇਵਾ ਦੇਣ ਲਈ ਸਾਲ 1994 ਵਿੱਚ ਭੀਖੀ ਵਿਖੇ ਬੀਡੀਪੀਓ ਦਫਤਰ ਸਥਾਪਿਤ ਕਰਕੇ ਇਸ ਇਲਾਕੇ ਦੇ 33 ਪਿੰਡਾਂ ਨੂੰ ਉਨਾਂ ਦੇ ਦਰਵਾਜੇ 'ਤੇ ਪ੍ਰਸ਼ਾਸਨਿਕ ਸੇਵਾ ਮੁਹੱਈਆ ਕਰਵਾਈ ਸੀ। ਇਸ ਦਫਤਰ ਕੋਲ ਜਿਥੇ ਵਿਸ਼ਾਲ ਬਿਲਡਿੰਗ ਹੈ, ਤੋਂ ਇਲਾਵਾ ਕਈ ਦੁਕਾਨਾਂ ਵੀ ਹਨ ਜਿੰਨਾਂ ਤੋਂ ਸਰਕਾਰ ਨੂੰ ਲਗਾਤਾਰ ਆਮਦਨ ਹੁੰਦੀ ਹੈ। ਬਲਾਕ ਦੇ 33 ਪਿੰਡਾ ਵਿੱਚ 11 ਹਜਾਰ 171 ਮਨਰੇਗਾ ਜੋਬ ਕਾਰਡ ਬਣੇ ਹੋਏ ਹਨ, ਤੋਂ ਇਲਾਵਾ 42




ਮਨਰੇਗਾ ਮੇਟ ਵੀ ਕੰਮ ਕਰਦੇ ਹਨ। ਜੇਕਰ ਬਲਾਕ ਤੋੜਿਆ ਗਿਆ ਤਾਂ ਇੰਨਾਂ ਪਿੰਡਾਂ ਦੇ ਹਰ ਨਾਗਰਿਕ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪਵੇਗਾ ਅਤੇ ਆਪਣੇ ਲੋੜੀਂਦੇ ਕੰਮਾਂ ਕਾਜਾਂ ਲਈ ਮਾਨਸਾ ਦੇ ਗੇੜੇ ਲਗਾਉਣੇ ਪੈਣਗੇ। ਆਗੂਆਂ ਨੇ ਕਿਹਾ ਕਿ ਲਗਾਤਾਰ ਸੰਘਰਸ਼ ਦੇ ਬਾਵਜੂਦ ਸਰਕਾਰ ਵਲੋਂ ਹਾਲੇ ਤੱਕ ਬਲਾਕ ਨੂੰ ਕਾਇਮ ਰੱਖਣ ਲਈ ਕੋਈ ਪ੍ਰਤੀਕਿਰਿਆ ਨਹੀਂ ਆਈ ਜਿਸਨੂੰ ਦੇਖਦੇ ਹੋਏ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦਾ ਫੈਸਲਾ ਲਿਆ ਗਿਆ ਹੈ। ਮਿਤੀ 7 ਜੁਲਾਈ ਨੂੰ ਬੀਡੀਪੀਓ ਦਫਤਰ ਵਿਖੇ ਧਰਨਾ ਪ੍ਰਦਰਸ਼ਨ ਕਰਨ ਉਪਰੰਤ ਸ਼ਹਿਰ ਵਿੱਚ ਵਿਸ਼ਾਲ ਰੋਸ ਮਾਰਚ ਕੱਢਿਆ ਜਾਵੇਗਾ ਤਾਂ ਜੋ ਕੁੰਭਕਰਨੀ ਨੀਂਦ ਸੁੱਤੇ ਪ੍ਰਸ਼ਾਸਨ ਦੇ ਕੰਨਾਂ ਤੱਕ ਹੂਕ ਪਹੁੰਚ ਸਕੇ। ਇਸ ਮੌਕੇ ਅਮੋਲਕ ਸਿੰਘ ਖੀਵਾ, ਕੇਵਲ ਸਿੰਘ ਸਮਾਉਂ, ਬਿੰਦਰ ਸਿੰਘ, ਲਾਭ ਸਿੰਘ ਅਤਲਾ, ਧੰਨਾ ਸਿੰਘ ਸਾਬਕਾ ਸਰਪੰਚ ਖੀਵਾ ਕਲਾਂ, ਹਾਕਮ ਸਿੰਘ ਅਤਲਾ, ਅਮਰੀਕ ਸਿੰਘ ਭੀਖੀ, ਦੀਪਾ ਸਿੰਘ, ਰਣ ਸਿੰਘ ਸਮਾਉਂ, ਸੋਹਨ ਲਾਲ ਸ਼ਰਮਾ, ਜੱਗਾ ਸਿੰਘ, ਭਾਕਿਯੂ ਧਨੇਰ ਦੇ ਬਾਵਾ ਸਿੰਘ, ਸਿੱਧੂਪੁਰ ਦੇ ਸੁਖਵਿੰਦਰ ਸਿੰਘ, ਬੱਲਮ ਸਿੰਘ ਫੈਪਈ, ਦਿਨੇਸ਼ ਸੋਨੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕ ਮੌਜੂਦ ਸਨ।

# ਰੰਜਿਸ਼ ਦੇ ਚਲਦਿਆਂ ਕੀਤੀ ਕੁੱਟਮਾਰ, ਤਿੰਨ ਨਾਮਜਦ

**ਸ੍ਰੀ ਮੁਕਤਸਰ ਸਾਹਿਬ, 5 ਜੁਲਾਈ (ਰਵੀਨਾ ਅਰੋੜਾ)** ਕੁੱਟਮਾਰ ਕਰਨ ਦੇ ਦੋਸ਼ 'ਚ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦੀ ਪੁਲਿਸ ਨੇ ਤਿੰਨ ਲੋਕਾਂ ਵਿਰੁੱਧ ਮਾਮਲਾ ਦਰਜ ਕੀਤਾ ਹੈ, ਜਿਨ੍ਹਾਂ ਦੀ ਗ੍ਰਿਫਤਾਰੀ ਬਾਕੀ ਹੈ। ਇਸ ਸੰਬੰਧੀ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਬੱਗੀ ਸਿੰਘ ਵਾਸੀ ਪਿੰਡ ਚੱਕ ਜਵਾਹਰੇਵਾਲਾ ਨੇ ਦੱਸਿਆ ਕਿ ਬੀਤੇ ਦਿਨੀਂ ਸ਼ਾਮ 8 ਵਜੇ ਦੇ ਕਰੀਬ ਉਹ ਪਰਿਵਾਰ ਨਾਲ ਬੈਠਾ ਸੀ ਅਤੇ ਘਰ ਦਾ ਗੇਟ ਖੁੱਲਾ ਸੀ ਤਾਂ ਗੁਰਵਿੰਦਰ ਸਿੰਘ, ਸਤਵੀਰ ਸਿੰਘ ਅਤੇ ਲਖਵੀਰ ਸਿੰਘ ਆਪਣੇ ਆਪਣੇ ਹਥਿਆਰਾਂ ਸਣੇ ਆਏ ਤੇ ਗਾਲੀ ਗਲੋਚ ਕਰਨ ਲੱਗੇ ਅਤੇ ਇਨਾਂ ਵਲੋਂ ਮੇਰੀ ਹਥਿਆਰਾਂ ਨਾਲ ਕੁੱਟਮਾਰ ਕੀਤੀ ਗਈ, ਰੌਲਾ ਸੁਣ ਕੇ ਗੁਆਂਢੀ ਸੁਖਬੀਰ ਸਿੰਘ ਅਤੇ ਉਸਦੀ ਪਤਨੀ ਸੁਖਪ੍ਰੀਤ ਕੌਰ ਛੁਡਾਉਣ ਲਈ ਆਏ ਤਾਂ ਗੁਰਵਿੰਦਰ ਸਿੰਘ ਨੇ ਉਨ੍ਹਾਂ ਤੇ ਵੀ ਹਮਲਾ ਕੀਤਾ ਅਤੇ ਸਾਰੇ ਪਰਿਵਾਰ ਨਾਲ ਕੁੱਟਮਾਰ ਕਰਕੇ ਮੌਕੇ ਤੋਂ ਹਥਿਆਰਾਂ ਸਣੇ ਭੱਜ ਗਏ। ਰੰਜਿਸ਼ ਇਹ ਹੈ ਕਿ ਉਕਤ ਵਿਅਕਤੀਆਂ ਨਾਲ ਪਹਿਲਾਂ ਮਾਮੂਲੀ ਲੜਾਈ ਝਗੜਾ ਸੀ, ਪੁਲਿਸ ਨੇ ਗੁਰਵਿੰਦਰ ਸਿੰਘ, ਸਤਵੀਰ ਸਿੰਘ ਅਤੇ ਲਖਵੀਰ ਸਿੰਘ ਵਾਸੀ ਚੱਕ ਜਵਾਹਰੇਵਾਲਾ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ, ਜਿਨ੍ਹਾਂ ਦੀ ਗ੍ਰਿਫ਼ਤਾਰੀ ਬਾਕੀ ਹੈ।

## ਕੁੱਟਮਾਰ ਕਰਨ ਦੇ ਦੋਸ਼ 'ਚ ਪੰਜ ਨਾਮਜਦ

**ਸ੍ਰੀ ਮੁਕਤਸਰ ਸਾਹਿਬ, 5 ਜੁਲਾਈ (ਰਵੀਨਾ ਅਰੋੜਾ)** ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦੀ ਪੁਲਿਸ ਨੇ ਰੰਜਿਸ਼ ਦੇ ਚਲਦਿਆਂ ਕੁੱਟਮਾਰ ਕਰਨ ਦੇ ਦੋਸ਼ 'ਚ ਪੰਜ ਲੋਕਾਂ ਵਿਰੁੱਧ ਮਾਮਲਾ ਦਰਜ ਕੀਤਾ ਹੈ, ਜਿਨ੍ਹਾਂ ਦੀ ਗ੍ਰਿਫਤਾਰੀ ਬਾਕੀ ਹੈ। ਇਸ ਸੰਬੰਧੀ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਮਨੀ ਸਿੰਘ ਵਾਸੀ ਪਿੰਡ ਭੁੱਲਰ ਨੇ ਦੱਸਿਆ ਕਿ ਬੀਤੇ ਦਿਨੀਂ ਰਾਤ ਕਰੀਬ ਸਾਢੇ 10 ਵਜੇ ਉਹ ਅਕਾਸ਼ ਸਿੰਘ ਅਤੇ ਲੱਖਾ ਸਿੰਘ ਨਾਲ ਪਿੰਡ ਡੋਹਕ ਤੋਂ ਆਪਣੀ ਰਿਸ਼ਤੇਦਾਰੀ ਤੋਂ ਵਾਪਸ ਆ ਰਿਹਾ ਸੀ ਤਾਂ ਸ਼ੰਨੂ ਸਿੰਘ, ਝੱਭਰ ਸਿੰਘ, ਲੱਛੂ ਸਿੰਘ, ਚਮਨਾ ਸਿੰਘ, ਕਰਨ ਸਿੰਘ ਵਾਸੀਆਨ ਪਿੰਡ ਭੁੱਲਰ ਨੇ ਉਸਨੂੰ ਰਸਤੇ ਵਿਚ ਘੇਰ ਕੇ ਉਸਦੀ ਕੁੱਟਮਾਰ ਕੀਤੀ। ਰੰਜਿਸ਼ ਇਹ ਹੈ ਕਿ ਕੁਝ ਚਿਰ ਪਹਿਲਾਂ ਅਕਾਸ਼ ਸਿੰਘ ਦਾ ਉਕਤ ਵਿਅਤੀਆਂ ਨਾਲ ਲੜਾਈ ਝਗੜਾ ਹੋਇਆ ਸੀ ਤੇ ਉਕਤ ਵਿਅਕਤੀ ਸਮਝਦੇ ਹਨ ਕਿ ਉਹ (ਸ਼ਿਕਾਇਤਕਰਤਾ) ਅਕਾਸ਼ ਦੀ ਮਦਦ ਕਰਦਾ ਹੈ, ਜਿਸ ਕਰਕੇ ਉਸਦੀ ਕੁੱਟਮਾਰ ਕੀਤੀ ਗਈ। ਪੁਲਿਸ ਨੇ ਉਕਤ ਪੰਜ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।

# ਸੀਵਰੇਜ ਪਾਇਪ ਟੁੱਟਣ ਕਾਰਨ ਨਰਕ ਭਰੀ ਜ਼ਿੰਦਗੀ ਜਿਉਂ ਰਹੇ ਵਾਰਡ ਨੰ. 13 ਦੇ ਨਿਵਾਸੀ





**ਭੀਖੀ, 5 ਜੁਲਾਈ (ਸੰਦੀਪ ਤਾਇਲ/ਅਜੇ ਸ਼ਰਮਾ)** ਨਗਰ ਦੇ ਵਾਰਡ ਨੰ. 13 ਨੇੜੇ ਬਿਜਲੀ ਗਰਿੱਡ ਦੇ ਵਾਸੀ ਪਿਛਲੇ ਕਈ ਮਹੀਨਿਆਂ ਤੋਂ ਸੀਵਰੇਜ ਦੀ ਪਾਇਪ ਟੁੱਟਣ ਕਾਰਨ ਗਲੀਆਂ ਵਿੱਚ ਫੈਲ ਰਹੇ ਗੰਦੇ ਪਾਣੀ ਤੋਂ ਅੱਤ ਦੁਖੀ ਹੀ ਨਹੀਂ ਬਲਕਿ ਉਨਾਂ ਨੂੰ ਕਈ ਬਿਮਾਰੀਆਂ ਦੇ ਸ਼ਿਕਾਰ ਹੋਣ ਦਾ ਵੀ ਖਦਸ਼ਾ ਹੈ। ਦੁਖੀ ਬਸ਼ਿੰਦਿਆਂ ਨੇ ਕਿਹਾ ਕਿ ਉਹ ਪਿਛਲੇ ਡੇਢ ਮਹੀਨੇ ਤੋਂ ਇਸ ਸਮੱਸਿਆ ਨਾਲ ਜੂਝ ਰਹੇ ਹਨ। ਨਾ ਤਾਂ ਨਗਰ ਪੰਚਾਇਤ ਅਤੇ ਨਾ ਹੀ ਸੀਵਰੇਜ ਵਿਭਾਗ ਵਲੋਂ ਉਨਾਂ ਦੀ ਸਾਰ ਲਈ ਜਾ ਰਹੀ ਹੈ। ਉਨਾਂ ਕਿਹਾ ਕਿ ਸਕੂਲੀ ਬੱਚਿਆਂ ਅਤੇ ਬਜੁਰਗਾਂ ਦਾ ਇੰਨਾਂ ਗਲੀਆਂ 'ਚੋਂ ਲੰਘਣਾ ਦੁੱਭਰ ਹੋ ਗਿਆ ਹੈ। ਕਈ ਬਜੁਰਗ ਔਰਤਾਂ ਇਸ ਗੰਦੇ ਪਾਣੀ ਵਿੱਚ ਡਿੱਗ ਕੇ ਸੱਟਾਂ ਵੀ ਖਾ ਚੁੱਕੀਆ ਹਨ। ਇਹੀ ਹਾਲ ਛੋਟੇ ਬੱਚਿਆਂ ਦਾ ਵੀ ਹੈ। ਉਨਾਂ ਡਿਪਟੀ ਕਮਿਸ਼ਨਰ ਤੋਂ ਮੰਗ ਕੀਤੀ ਕਿ ਉਨਾਂ ਦੇ ਮਨੁੱਖੀ ਅਧਿਕਾਰਾਂ ਨੂੰ ਦੇਖਦੇ ਹੋਏ ਇਸ ਸਮੱਸਿਆ ਤੋਂ ਮੁਕਤੀ ਦਿਵਾਈ ਜਾਵੇ ਅਤੇ ਸਬੰਧਤ ਅਦਾਰਿਆਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਜਾਣ। ਇਸ ਮੌਕੇ ਹਰਦੀਪ ਸਿੰਘ, ਬਿੰਦਰ ਸਿੰਘ, ਹਰਬੰਸ ਸਿੰਘ ਵਾਲੀਆ, ਲਾਭ ਸਿੰਘ, ਮੀਤਾ ਸਿੰਘ, ਦਲਬਾਰਾ ਸਿੰਘ, ਜੋਤ ਸਿੰਘ, ਦਰਸ਼ਨ ਸਿੰਘ, ਗੁਰਮੇਲ ਕੌਰ, ਦਰਸ਼ਨਾ ਕੌਰ, ਨਿਹਾਲ ਕੌਰ, ਅਮਰਜੀਤ ਕੌਰ, ਹਰਪ੍ਰੀਤ ਕੌਰ ਅਤੇ ਦਾਨ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਾਰਡ ਬਸ਼ਿੰਦੇ ਮੌਜੂਦ ਸਨ। ਉਧਰ ਨਗਰ ਪੰਚਾਇਤ ਪ੍ਰਧਾਨ ਸੁਖਪ੍ਰੀਤ ਕੌਰ ਨੇ ਦੱਸਿਆ ਕਿ ਨਗਰ ਪੰਚਾਇਤ ਦਫਤਰ ਵਲੋਂ ਕਈ ਵਾਰ ਸੀਵਰੇਜ ਵਿਭਾਗ ਨੂੰ ਪਾਇਪ ਦੀ ਮੁਰੰਮਤ ਲਈ ਲਿਖਿਆ ਗਿਆ ਹੈ ਪ੍ਰੰਤੂ ਸੀਵਰੇਜ ਵਿਭਾਗ ਦੇ ਵਰਕਰਾਂ ਦੀ ਹੜਤਾਲ ਕਾਰਨ ਮੁਰੰਮਤ ਦਾ ਕੰਮ ਲਟਕਿਆ ਹੋਇਆ ਹੈ।

# ਭਾਰਤ-ਪਾਕਿ ਸਰਹੱਦ ਤੋਂ ਪਾਰ ਗਏ ਨੌਜਵਾਨ ਅੰਮ੍ਰਿਤਪਾਲ ਦੇ ਪਰਿਵਾਰ ਨੂੰ ਮਿਲੇ ਪ੍ਰਸ਼ਾਸਨਿਕ ਅਧਿਕਾਰੀ

## ਨੌਜਵਾਨ ਨੂੰ ਵਾਪਸ ਲੈ ਕੇ ਆਉਣ ਲਈ ਸਰਕਾਰ ਵੱਲੋਂ ਕਾਰਵਾਈ ਦਾ ਦਿੱਤਾ ਭਰੋਸਾ



**ਫ਼ਿਰੋਜ਼ਪੁਰ, 5 ਜੁਲਾਈ (ਮਨੀਸ਼ ਭਠੇਜਾ)**- ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਗੁਰੂਹਰਸਹਾਏ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਭਾਰਤ-ਪਾਕਿਸਤਾਨ ਅੰਤਰ-ਰਾਸ਼ਟਰੀ ਬਾਰਡਰ ਤੋਂ ਪਾਰ ਗਏ ਪਿੰਡ ਖੈਰੇ ਕੇ ਉਤਾੜ ਦੇ ਨੌਜਵਾਨ ਅੰਮ੍ਰਿਤਪਾਲ ਸਿੰਘ ਦੇ ਘਰ ਪਹੁੰਚ ਕੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕੀਤੀ ਗਈ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐਸ.ਡੀ.ਐਮ. ਗੁਰੂਹਰਸਹਾਏ ਉਦੇਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਨੌਜਵਾਨ ਅਮ੍ਰਿਤਪਾਲ ਸਿੰਘ, ਜੋ ਕਿ 21 ਜੂਨ ਨੂੰ ਭਾਰਤ-ਪਾਕਿਸਤਾਨ ਸਰਹੱਦ 'ਤੇ ਲੱਗੀ ਕੰਡਿਆਲੀ ਤਾਰ ਤੋਂ ਪਾਰ ਪੈਂਦੀ ਆਪਣੀ ਜ਼ਮੀਨ ਵਿੱਚ ਹਰ ਰੋਜ਼ ਦੀ ਤਰ੍ਹਾਂ ਖੇਤੀ ਕਰਨ ਲਈ ਗਿਆ ਸੀ। ਪਰੰਤੂ, ਉਹ ਆਪਣੇ ਘਰ ਵਾਪਸ ਨਹੀਂ ਪਰਤਿਆ। ਜਿਸ 'ਤੇ ਪਰਿਵਾਰਕ ਮੈਂਬਰਾਂ ਵੱਲੋਂ ਜ਼ਮੀਨ ਦੇ ਨਾਲ ਲੱਗਦੀ ਬੀ.ਐਸ.ਐਫ. ਦੀ ਚੌਂਕੀ ਰਾਣਾ ਵਿਖੇ ਪਹੁੰਚ ਕੀਤੀ ਗਈ। ਇਸ ਉਪਰੰਤ ਬੀ.ਐਸ.ਐਫ. ਵੱਲੋਂ ਪੜਤਾਲ ਕਰਨ ਉਪਰੰਤ ਸਪੱਸ਼ਟ ਕੀਤਾ ਗਿਆ ਕਿ ਉਨ੍ਹਾਂ ਦਾ ਲੜਕਾ ਅੰਮ੍ਰਿਤਪਾਲ ਸਿੰਘ ਵਾਪਸ ਨਹੀਂ ਆਇਆ। ਬੀ.ਐਸ.ਐਫ. ਵੱਲੋਂ ਪਾਕਿਸਤਾਨ ਰੇਂਜਰਜ਼ ਨਾਲ 3-4 ਵਾਰ ਮੀਟਿੰਗ ਕਰਨ ਉਪਰੰਤ ਪਾਕਿਸਤਾਨ ਰੇਂਜਰਜ਼ ਵੱਲੋਂ ਵੀ 27 ਜੂਨ ਨੂੰ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਅੰਮ੍ਰਿਤਪਾਲ ਸਿੰਘ ਨਜ਼ਦੀਕ ਲਗਦੀ ਪਾਕਿਸਤਾਨ ਦੀ ਪੁਲਿਸ ਦੀ ਹਿਰਾਸਤ ਵਿੱਚ ਹੈ। ਐਸ.ਡੀ.ਐਮ. ਨੇ ਪਰਿਵਾਰਿਕ ਮੈਂਬਰਾਂ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਨੂੰ ਵਾਪਸ ਲੈ ਕੇ ਆਉਣ ਸਬੰਧੀ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਨੂੰ ਲਿਖਿਆ ਜਾਵੇਗਾ ਅਤੇ ਪੰਜਾਬ ਸਰਕਾਰ ਰਾਹੀਂ ਮਾਨਯੋਗ ਵਿਦੇਸ਼ ਮੰਤਰੀ / ਭਾਰਤ ਸਰਕਾਰ ਨਾਲ ਗੱਲਬਾਤ ਕੀਤੀ ਜਾਵੇਗੀ ਤਾਂ ਜੋ ਨੌਜਵਾਨ ਨੂੰ ਛੇਤੀ ਤੋਂ ਛੇਤੀ ਵਾਪਸ ਭਾਰਤ ਲਿਆਂਦਾ ਜਾ ਸਕੇ। ਇਸ ਮੌਕੇ ਬੀਰਕਰਨ ਸਿੰਘ ਢਿੱਲੋਂ ਤਹਿਸੀਲਦਾਰ ਗੁਰੂਹਰਸਹਾਏ ਸਮੇਤ ਹੋਰ ਪ੍ਰਸ਼ਾਸਨਿਕ ਅਧਿਕਾਰੀ ਵੀ ਹਾਜ਼ਰ ਸਨ।

# ਸਪੀਕਰ ਸੰਧਵਾਂ ਵੱਲੋਂ ਸਕੂਲ ਦੇ ਨਵੇਂ ਕੇ.ਜੀ. ਬਲਾਕ ਦਾ ਉਦਘਾਟਨ




**ਕੋਟਕਪੂਰਾ, 5 ਜੁਲਾਈ (ਟਿੰਕੂ ਕੁਮਾਰ)** :- ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਅੱਜ ਸੇਂਟ ਮੈਰੀਜ਼ ਕਾਨਵੈਂਟ ਸਕੂਲ, ਫ਼ਰੀਦਕੋਟ ਵਿੱਚ ਨਵੀਂ ਬਣੀ ਕੇ.ਜੀ. ਬਲਾਕ ਦੀ ਇਮਾਰਤ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸਕੂਲ ਇੱਕ ਐਸਾ ਪਵਿੱਤਰ ਸਥਾਨ ਹੈ ਜਿੱਥੇ ਬੱਚਿਆਂ ਦੇ ਜੀਵਨ ਦੀ ਨੀਂਹ ਰੱਖੀ ਜਾਂਦੀ ਹੈ। ਇਥੇ ਮਿਲਣ ਵਾਲੀ ਸਿੱਖਿਆ ਉਨ੍ਹਾਂ ਦੇ ਭਵਿੱਖ ਦਾ ਰੂਪ ਨਿਰਧਾਰਤ ਕਰਦੀ ਹੈ। ਸ੍. ਸੰਧਵਾਂ ਨੇ ਸਕੂਲ ਪ੍ਰਬੰਧਨ ਨੂੰ ਨਵੇਂ ਬਲਾਕ ਦੀ ਸਫਲ ਤਿਆਰੀ ਲਈ ਵਧਾਈ ਦਿੰਦਿਆਂ ਕਿਹਾ ਕਿ ਸੇਂਟ ਮੈਰੀਜ਼ ਕਾਨਵੈਂਟ ਸਕੂਲ ਇਲਾਕੇ ਦੀ ਇੱਕ ਪ੍ਰਤਿਸ਼ਠਤ ਅਤੇ ਗੁਣਵੱਤਾਪੂਰਨ ਸੰਸਥਾ ਹੈ, ਜੋ ਸਿੱਖਿਆ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ। ਉਨ੍ਹਾਂ ਨੇ ਇਸ ਮੌਕੇ 'ਤੇ ਵਿਦਿਆਰਥੀਆਂ ਨੂੰ ਉੱਜਲ ਭਵਿੱਖ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਸਕੂਲ ਨਾਲ ਜੁੜੀਆਂ ਸਾਰੀਆਂ ਸ਼ਖਸ਼ੀਅਤਾਂ ਨੂੰ ਯਾਦਗਾਰੀ ਚਿੰਨ੍ਹਾਂ ਦੇ ਕੇ ਸਨਮਾਨਿਤ ਕੀਤਾ। ਸਕੂਲ ਦੇ ਪ੍ਰਿੰਸੀਪਲ ਰੈਵਰੈਂਡ ਫਾਦਰ ਬੈਨੀ ਥਾਮਸ ਨੇ ਕਿਹਾ ਕਿ ਨਵਾਂ ਕੇ.ਜੀ. ਬਲਾਕ ਸਾਬਕਾ ਪ੍ਰਿੰਸੀਪਲਾਂ ਅਤੇ ਪ੍ਰਬੰਧਕਾਂ ਦੇ ਲੰਬੇ ਸਮੇਂ ਤੋਂ ਚਲੇ ਆ ਰਹੇ ਸੁਪਨੇ ਦੀ ਪੂਰਤੀ ਹੈ। ਕ੍ਰਿਸਚੀਅਨ ਜੋਤੀ ਪ੍ਰਾਂਤ (ਪੰਜਾਬ-ਰਾਜਸਥਾਨ) ਦੇ ਪ੍ਰਧਾਨ ਅਤੇ ਸੂਬਾਈ ਸੁਪੀਰੀਅਰ ਫਾਦਰ ਜਾਰਜ ਅਲੂਕਾ ਨੇ ਨਵੀਂ ਇਮਾਰਤ ਦੇ ਅੰਦਰਲੇ ਹਿੱਸਿਆਂ ਨੂੰ ਆਧਿਆਤਮਿਕ ਆਸ਼ੀਰਵਾਦ ਦਿੱਤਾ। ਇਸ ਮੌਕੇ ਫਾਦਰ ਸਿਲਵੀਨੋਸ (ਮੈਨੇਜਰ), ਫਾਦਰ ਦੀਪਕ ਸਬੈਸਟੀਅਨ (ਬਰਸਰ ਤੇ ਅਸਿਸਟੈਂਟ ਮੈਨੇਜਰ), ਸਕੂਲ ਸਟਾਫ, ਵਿਦਿਆਰਥੀ, ਅਤੇ ਉਨ੍ਹਾਂ ਦੇ ਮਾਪੇ ਵੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਬੈਗ ਲੈਸ ਡੇ ਦੇ ਤਹਿਤ ਸਮਾਜਿਕ ਵਿਗਿਆਨ ਦੀ ਪ੍ਰਦਰਸ਼ਨ ਲਗਾਈ



**ਬਰਨਾਲਾ, 05 ਜੁਲਾਈ (ਮਾਲਵਾ ਬਾਣੀ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਡਬਰ ਜ਼ਿਲ੍ਹਾ ਬਰਨਾਲਾ ਵਿਖੇ ਐਸ.ਸੀ.ਈ.ਆਰ.ਟੀ ਪੰਜਾਬ ਜ਼ਿਲ੍ਹਾ ਸਿੱਖਿਆ ਅਫ਼ਸਰ ਸੁਨੀਤਇੰਦਰ ਸਿੰਘ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਡਾ. ਬਰਜਿੰਦਰਪਾਲ ਸਿੰਘ, ਪ੍ਰਿੰਸੀਪਲ ਡਾ. ਮੁਨੀਸ਼ ਮੋਹਨ ਸ਼ਰਮਾ,ਸਕੂਲ ਮੁੱਖੀ ਜਸਬੀਰ ਕੌਰ ਦੀ ਅਗਵਾਈ ਹੇਠ ਬੈਗ ਲੇਸ ਡੇ ਗਤੀਵਿਧੀਆਂ ਦਾ ਸੰਚਾਲਨ ਕੀਤਾ ਗਿਆ ਇਸ ਵਾਰੀ ਕੀ ਜਾਣਕਾਰੀ ਦਿੰਦੇ ਹੋਏ ਬੈਗ ਲੈਸ ਡੇ ਕੋਆਰਡੀਨੇਟਰ ਮਾਸਟਰ ਅਵਨੀਸ਼ ਕੁਮਾਰ ਨੇ ਦੱਸਿਆ ਕਿ ਵੱਖ-ਵੱਖ ਪ੍ਰਦਰਸ਼ਨੀ ਦਾ ਯੋਜਨ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਗਰਮੀ ਦੀਆਂ ਛੁੱਟੀਆਂ ਵਿੱਚ ਚਾਰਟ, ਮਾਡਲ , ਸਕਰੈਪ ਬੁੱਕ ਅਤੇ ਸਿੱਖਣ ਸਮੱਗਰੀ ਤਿਆਰ ਕੀਤੀ। ਇਸ ਮੌਕੇ ਤੇ ਸਮਾਜਿਕ ਗਿਆਨ ਦੀ ਪ੍ਰਦਰਸ਼ਨੀ ਵਿੱਚ ਵਿਦਿਆਰਥੀਆਂ ਨੇ ਨਸ਼ਾ ਵਿਰੋਧੀ ,ਵਾਤਾਵਰਨ ਬਚਾਉਣ ਸਬੰਧੀ, ਅਤੇ ਸਮਾਜਿਕ ਵਿਗਿਆਨ ਦੇ ਚਾਰਟ, ਮਾਡਲ, ਸਕਰੈਪ ਬੁੱਕਸ ਤਿਆਰ ਕੀਤੀਆਂ।ਇਸ ਦਿਨ ਨੂੰ ਲੈ ਕੇ ਵਿਦਿਆਰਥੀਆਂ ਵਿੱਚ ਭਾਰੀ ਉਤਸਾਹ ਪਾਇਆ ਗਿਆ। ਇਸ ਮੌਕੇ ਸੀਨੀਅਰ ਅਧਿਆਪਕ ਰਿਸ਼ੀ ਸ਼ਰਮਾ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।

# ਪਿੰਡ ਸੰਗਾਲਾ ਦੇ ਸਰਪੰਚ ਅਤੇ ਪੰਚਾਇਤ ਦੀ ਸੂਝ ਬੂਝ ਨਾਲ ਪਿਛਲੇ ਇੱਕ ਸਾਲ ਤੋਂ ਲਟਕ ਰਿਹਾ ਪਿੰਡ ਦੀ ਕੋਪ੍ਰੇਟ ਸੁਸਾਇਟੀ ਦਾ ਮਾਮਲਾ ਸੁਲਝਿਆ, ਚੁਣੀ ਗਈ ਨਵੀਂ 11 ਮੈਂਬਰੀ ਕਮੇਟੀ



**ਮਾਲੇਰਕੋਟਲਾ, 05 ਜੁਲਾਈ (ਰਾਜੇਸ਼ ਸ਼ਰਮਾ)** ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਮਦਦ ਲਈ ਕਈ ਵਰੇ ਪਹਿਲਾਂ ਤੋਂ ਪਿੰਡਾਂ ਵਿੱਚ ਕੋਪਰੇਟ ਸੁਸਾਇਟੀਆਂ ਦਾ ਨਿਰਮਾਣ ਕੀਤਾ ਗਿਆ ਜਿੱਥੇ ਕਿਸਾਨਾਂ ਨੂੰ ਫਸਲਾਂ ਸਬੰਧੀ ਦਵਾਈਆਂ, ਬੀਜ, ਤੇਲ ਅਤੇ ਹੋਰ ਅਨੇਕਾਂ ਚੀਜ਼ਾਂ ਮਿਲਦੀਆਂ ਹਨ ਇਹਨਾਂ ਸੁਸਾਇਟੀਆਂ ਵਿੱਚੋਂ ਜ਼ਿਲ੍ਹਾ ਮਲੇਰਕੋਟਲਾ ਦੇ ਪਿੰਡ ਸੰਗਾਲਾ ਦੀ ਕੋਪਰੇਟ ਸੋਸਾਇਟੀ ਇਲਾਕੇ ਦੀ ਇੱਕ ਮੰਨੀ ਹੋਈ ਸੰਸਥਾ ਸੀ ਪਰ ਪਿਛਲੇ ਇੱਕ ਸਾਲ ਤੋਂ ਇਹ ਸੁਸਾਇਟੀ ਕਈ ਕਾਰਨਾਂ ਕਰਕੇ ਬੰਦ ਪਈ ਸੀ ਜਿਸ ਕਾਰਨ ਕਿਸਾਨ ਅਤੇ ਇਲਾਕੇ ਦੇ ਲੋਕ ਕਾਫੀ ਪਰੇਸ਼ਾਨ ਸਨ। ਪਰ ਪਿੰਡ ਸੰਗਾਲਾ ਦੇ ਸਰਪੰਚ ਹਰਜੀਤ ਸਿੰਘ ਅਤੇ ਪੰਚਾਇਤ ਦੀ ਸੂਝ ਬੂਝ ਨਾਲ ਇਹ ਮਾਮਲਾ ਨਿਪਟਾ ਗਿਆ ਅਤੇ ਪਿੰਡ ਦੀ ਸੁਸਾਇਟੀ ਦੀ ਚੋਣ ਕਰਵਾਈ ਜਿਸ ਵਿੱਚ ਗੁਰਜੰਟ ਸਿੰਘ ਸੰਗਾਲੀ ਨੂੰ ਪ੍ਰਧਾਨ ਮੀਤ ਪ੍ਰਧਾਨ ਮਨਜੀਤ ਕੌਰ ਮੁਹੰਮਦਗੜ੍ਹ ਖਜਾਨਚੀ ਪ੍ਰਗਟ ਸਿੰਘ ਸੰਗਾਲਾ ਅਤੇ ਹੋਰ ਨੌ ਮੈਂਬਰਾਂ ਨੂੰ ਨਾਲ ਲਗਾ ਕੇ ਇੱਕ 11 ਮੈਂਬਰੀ ਕਮੇਟੀ ਬਣਾਈ ਗਈ ਨਵੇਂ ਬਣੇ ਪ੍ਰਧਾਨ ਗੁਰਜੰਟ ਸਿੰਘ ਸੰਗਾਲੀ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਅਸੀਂ ਲੋਕਾਂ ਨਾਲ ਵਾਅਦਾ ਕਰਦੇ ਹਾਂ ਕਿ ਇਸ ਸੋਸਾਇਟੀ ਪਹਿਲਾਂ ਵਾਂਗੂ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰੇਗੀ ਅਤੇ ਹਮੇਸ਼ਾ ਲੋਕਾਂ ਦੀ ਸੇਵਾ ਲਈ ਤਤਪਰ ਰਹੇਗੀ।

ਵਰਨਣ ਯੋਗ ਹੈ ਕਿ ਇਹ ਕੋਆਪਰੇਟ ਸੋਸਾਇਟੀ ਪਿੰਡ ਸੰਗਾਲਾ ਸੰਗਾਲੀ ਮੁਹੰਮਦਗੜ੍ਹ,ਅਤੇ ਰੁਸਤਮਗੜ੍ਹ ਚਾਰ ਪਿੰਡਾਂ ਦੀ ਸਾਂਝੀ ਕੋਪਰੇਟ ਸੋਸਾਇਟੀ ਹੈ ਅਤੇ ਲਗਭਗ 400 ਲੋਕ ਇਸ ਨਾਲ ਜੁੜੇ ਹੋਏ ਹਨ। ਜਿਹੜੇ ਕਿ ਲਗਾਤਾਰ ਇਸ ਸੋਸਾਇਟੀ ਤੋਂ ਲਾਭ ਉਠਾਉਣਗੇ।

# ਆਦਰਸ਼ ਸਕੂਲ ਨੇ ਨਸ਼ਿਆਂ ਵਿਰੁੱਧ ਨਾਟਕ ਵਿੱਚ ਦੂਜਾ ਸਥਾਨ ਹਾਸਿਲ ਕੀਤਾ

## ਮਨੁੱਖ ਨਸ਼ਾ ਮੁਕਤ ਰਹਿ ਕੇ ਹੀ, ਇੱਕ ਸੋਹਣੇ ਅਤੇ ਨਰੋਏ ਸਮਾਜ ਦੀ ਸਿਰਜਣਾ ਕਰ ਸਕਦਾ ਹੈ- ਪ੍ਰਿੰ. ਅਵਤਾਰ ਸਿੰਘ ਦੜੋਲੀ




**ਸ਼੍ਰੀ ਅਨੰਦਪੁਰ ਸਾਹਿਬ 5 ਜੁਲਾਈ (ਸੈਣੀ ਨਿੱਕੂਵਾਲ/ਰਾਣਾ ਹਰੀਵਾਲ)** ਪੰਜਾਬ ਪੰਜਾਬ ਸਰਕਾਰ ਦੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਮਾਨਯੋਗ ਸਿੱਖਿਆ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਮੁਤਾਬਕ ਸਕੂਲਾਂ ਦੇ ਵਿਦਿਆਰਥੀਆਂ ਦਾ ਬਲਾਕ ਪੱਧਰੀ ਨਾਟਕ ਮੁਕਾਬਲਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਕਰਵਾਇਆ ਗਿਆ। ਜਿਸ ਵਿੱਚ ਬਲਾਕ ਸ੍ਰੀ ਅਨੰਦਪੁਰ ਸਾਹਿਬ ਦੇ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਨਸ਼ਿਆਂ ਵਿਰੁੱਧ ਨਾਟਕ ਦੀ ਪੇਸ਼ਕਾਰੀ ਦੁਆਰਾ, ਸਕੂਲ ਵਿਦਿਆਰਥੀਆਂ ਨੂੰ ਨਸ਼ੇ ਵਿਰੁੱਧ ਜਾਗਰੂਕ ਕੀਤਾ ਗਿਆ। ਇਸ ਬਲਾਕ ਪੱਧਰੀ ਮੁਕਾਬਲੇ ਵਿੱਚ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਲੋਧੀਪੁਰ ਦੇ ਵਿਦਿਆਰਥੀਆਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਆਦਰਸ਼ ਸਕੂਲ ਦੇ ਪ੍ਰਿੰਸੀਪਲ ਸ. ਅਵਤਾਰ ਸਿੰਘ ਦੜੋਲੀ ਅਤੇ ਸਟਾਫ਼ ਵੱਲੋਂ ਸਕੂਲ ਦੇ ਵਿਦਿਆਰਥੀਆਂ ਵੱਲੋਂ ਨਾਟਕ ਮੁਕਾਬਲੇ ਵਿੱਚ ਦੂਜਾ ਸਥਾਨ ਪ੍ਰਾਪਤ ਕਰਨ ਤੇ ਉਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਅਵਤਾਰ ਸਿੰਘ ਦੜੋਲੀ ਨੇ ਕਿਹਾ ਕਿ ਲੈਕ. ਕਮਿਸਟਰੀ ਸੋਹਨ ਸਿੰਘ ਚਾਹਲ ਦੁਆਰਾ ਤਿਆਰ ਤਿਆਰ ਕੀਤੇ ਨਾਟਕ ਯੁੱਧ ਨਸ਼ਿਆਂ ਵਿਰੁੱਧ ਵਿੱਚ ਵਿਦਿਆਰਥੀ ਆਪਣੇ ਜੀਵਨ ਵਿੱਚ ਨਸ਼ਾ ਮੁਕਤ ਰਹਿ ਕੇ ਹੀ, ਇੱਕ ਸੋਹਣੇ ਅਤੇ ਨਰੋਏ ਸਮਾਜ ਦੀ ਸਿਰਜਣਾ ਕਰ ਸਕਦਾ ਹੈ ਅਤੇ ਆਪਣਾ ਤੇ ਆਪਣੇ ਮਾਂ ਬਾਪ ਦਾ ਨਾਮ ਸਮਾਜ ਵਿੱਚ ਉੱਚਾ ਕਰ ਸਕਦਾ। ਇਹਨਾਂ ਕਰਵਾਏ ਮੁਕਬਲੇ ਵਿੱਚ ਸ੍ਰੀਮਤੀ ਸੀਮਾ ਜੱਸਲ ਦੁਆਰਾ ਸਟੇਜ ਸਕੱਤਰ , ਮਨਦੀਪ ਕੌਰ ਗਣਿਤ ਅਧਿਆਪਿਕਾ , ਲੈਕ. ਮੁਕੇਸ਼ ਕੁਮਾਰ ਅਤੇ ਸ੍ਰੀ ਨਰੇਸ਼ ਕੁਮਾਰ ਵੱਲੋਂ ਬਤੌਰ ਜੱਜ ਦੀ ਭੂਮਿਕਾ ਨਿਭਾਈ ਗਈ। ਇਸ ਮੌਕੇ ਤੇ ਇਸ ਮੌਕੇ ਤੇ ਮੌਕੇ ਤੇ ਇਸ ਮੌਕੇ ਤੇ ਲੈਕ ਚਰਨਜੀਤ ਸਿੰਘ ,ਲੈਕ ਬਲਕਾਰ ਸਿੰਘ ,ਲੈਕ ਮਨਿੰਦਰ ਕੌਰ, ਲੈਕ ਬਲਜੀਤ ਕੌਰ ,ਲੈਕ ਗੁਰਚਰਨ ਸਿੰਘ, ਲੈਕ ਰਜਨੀਸ਼ ਕੁਮਾਰ, ਦਪਿੰਦਰ ਕੌਰ ,ਹਰਸਿਮਰਨ ਸਿੰਘ, ਗੁਰਪ੍ਰੀਤ ਕੌਰ ,ਅਜਵਿੰਦਰ ਕੌਰ, ਕਮਲਜੀਤ ਕੌਰ, ਰੋਮਿਲ, ਪਰੇਹਾ, ਸੁਰਿੰਦਰ ਪਾਲ ਸਿੰਘ, ਕਮਲਪ੍ਰੀਤ ਸਿੰਘ, ਪ੍ਰਦੀਪ ਕੌਰ, ਸੰਦੀਪਾ ਰਾਣੀ ,ਦੀਪ ਸ਼ਿਖਾ, ਲਖਵੀਰ ਕੌਰ ਨਿਰਮਲ ਕੌਰ, ਨੇਹਾ ਰਾਣੀ, ਦਵਿੰਦਰ ਕੌਰ ,ਰੀਨਾ ਰਾਣੀ, ਗੁਰਪ੍ਰੀਤ ਸਿੰਘ, ਜਸਵੀਰ ਕੌਰ, ਕੁਲਜਿੰਦਰ ਕੌਰ ,ਸੁਖਵਿੰਦਰ ਕੌਰ ,ਰਾਜਵੀਰ ਕੌਰ ,ਰਣਵੀਰ ਸਿੰਘ , ਸ. ਨਿਰਮਲ ਸਿੰਘ(ਕਲਰਕ) ,ਸ. ਗੁਰਮੇਲ ਸਿੰਘ ਲਾਇਬ੍ਰੇਰੀਅਨ, ਆਦਿ ਹਾਜ਼ਰ ਸਨ।

# ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਬੀ. ਕਾਮ ਦੇ ਨਤੀਜੇ ਸ਼ਾਨਦਾਰ ਰਹੇ





**ਦੋਰਾਹਾ,5 ਜੁਲਾਈ (ਅਮਰੀਸ਼ ਆਨੰਦ)** ਬੀਤੇ ਦਿਨੀਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਬੀ.ਕਾਮ ਛੇਵੇਂ ਸਮੈਸਟਰ ਦੇ ਨਤੀਜੇ ਐਲਾਨੇ ਗਏ ਜਿਨ੍ਹਾਂ ਵਿੱਚ ਸਥਾਨਕ ਸ਼ਹਿਰ ਦੋਰਾਹਾ ਦੀ ਸਿਰਮੌਰ ਵਿੱਦਿਅਕ ਸੰਸਥਾ ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਦੇ ਵਿਦਿਆਰਥੀਆਂ ਨੇ ਖ਼ੂਬ ਮੱਲਾਂ ਮਾਰੀਆਂ। ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਦੱਸਿਆ ਕਿ ਬੀ.ਕਾਮ ਛੇਵੇਂ ਸਮੈਸਟਰ ਵਿੱਚੋਂ ਜਸਮੀਤ ਕੌਰ ਨੇ 75.5% ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ। ਦੀਯਾ ਨੇ 73.7% ਅੰਕ ਪ੍ਰਾਪਤ ਕਰਕੇ ਦੂਜਾ ਅਤੇ ਭੂਮੀ ਨੇ 73% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।ਇਹਨਾਂ ਸ਼ਾਨਦਾਰ ਨਤੀਜਿਆਂ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ. ਹਰਪ੍ਰਤਾਪ ਸਿੰਘ ਬਰਾੜ, ਜਨਰਲ ਸਕੱਤਰ ਡਾ. ਪਵਿੱਤਰਪਾਲ ਸਿੰਘ ਪਾਂਗਲੀ, ਅਹੁਦੇਦਾਰਾਂ, ਮੈਂਬਰ ਸਾਹਿਬਾਨ ਅਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਵਿਸ਼ੇਸ਼ ਕਰਕੇ ਅਧਿਆਪਕਾਂ ਨੂੰ ਵਧਾਈ ਦਿੱਤੀ।

# ਪੰਜਾਬ ਪੁਲਿਸ ਰੋਇੰਗ ਫਾਇਰ 'ਚ ਚੰਦਨ ਪ੍ਰੀਤ ਸਿੰਘ ਜੱਲਾ ਨੇ ਭਾਰਤ ਲਈ (ਕਾਂਸੀ) ਬਰਾਉਨ ਮੈਡਲ ਜਿੱਤਿਆ

**ਪਾਇਲ 5 ਜੁਲਾਈ (ਅਮਰੀਸ਼ ਆਨੰਦ)** ਇਥੋਂ ਥੋੜੀ ਦੂਰ ਪਿੰਡ ਜੱਲ੍ਹਾ (ਪਾਇਲ) ਦੇ ਜੰਮਪਲ ਤੇ ਅਰਜਨ ਅਵਾਰਡੀ ਸ.ਜਗਜੀਤ ਸਿੰਘ ਜੱਲਾ ਸਾਬਕਾ (ਐਸਪੀ) ਦੇ ਹੋਣਹਾਰ ਪੁੱਤਰ ਚੰਦਨ ਪ੍ਰੀਤ ਸਿੰਘ ਡੀ.ਐਸ.ਪੀ ਨੇ ਅਮਰੀਕਾ ਵਿੱਚ ਹੋਈਆਂ ਵਰਲਡ ਪੁਲਿਸ ਰੋਇੰਗ ਫਾਇਰ 2025 'ਚ ਐਗਰੋ ਮੀਟਰ ਗੇਮਾਂ ਵਿੱਚ ਤੀਸਰੇ ਨੰਬਰ ਤੇ ਆਏ ਜੋ ਭਾਰਤ ਦੇਸ਼ ਲਈ ਦੋ ਬਰਾਉਨ ਮੈਡਲ ਜਿੱਤੇ ਅਤੇ ਉਹਨਾਂ ਵਿਦੇਸ਼ ਵਿਚ ਪੰਜਾਬ ਪੁਲਿਸ ਦਾ ਨਾਮ ਰੋਸ਼ਨ ਕੀਤਾ ਨਾਲ ਹੀ ਇੰਡੀਆ ਦਾ ਅਮਰੀਕਾ ਦੀ ਧਰਤੀ ਵਿੱਚ ਝੰਡਾ ਬੁਲੰਦ ਕੀਤਾ ਤੇ ਨਾਲ ਹੀ ਇੰਡੀਆ ਦਾ ਝੰਡਾ ਅਮਰੀਕਾ ਦੀ ਧਰਤੀ ਵਿੱਚ ਲਹਿਰਾਇਆ ਗਿਆ ਇਥੋਂ ਦੀ ਟੀਮ ਹੋਰ ਵੀ ਬੱਚਿਆਂ ਨੇ ਮੈਡਲ ਜਿੱਤੇ ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਡੀ.ਐਸ.ਪੀ ਚੰਦਨ ਪ੍ਰੀਤ ਸਿੰਘ ਜੀ ਦੇ ਪਿਤਾ ਜੋ ਕਿ ਜਗਜੀਤ ਸਿੰਘ ਜੱਲਾ ਐਸ ਪੀ ਪੰਜਾਬ ਪੁਲਿਸ ਵਿਚ ਰਹੇ,ਜਿਨ੍ਹਾਂ ਨੇ ਰੋਇੰਗ ਵਿਚ ਪੰਜਾਬ ਲਈ ਪਹਿਲਾ ਅਰਜਨ ਐਵਾਰਡ ਜਿਤਿਆ ਤੇ ਕੋਚ ਏ ਐਸ ਆਈ ਮੁਕੇਸ਼ ਕੁਮਾਰ ਨੇ ਇਹ ਟੀਮ ਤਿਆਰ ਕੀਤੀ ਗਈ ਇਥੇ ਇਹ ਵੀ ਖੁਸ਼ੀ ਵਾਲੀ ਗੱਲ ਹੈ ਅੱਜ ਪਿੰਡ ਜੱਲ੍ਹਾ ਦੇ ਸਮੂਹ ਨਗਰ ਨਿਵਾਸੀਆਂ ਨੇ ਰੋਇੰਗ ਟੀਮ ਨੂੰ ਅਮਰੀਕਾ ਤੋਂ ਪੰਜਾਬ ਆਉਣ ਤੇ ਸਾਡੇ ਪਿੰਡ ਜੱਲ੍ਹਾ ਵਿਖੇ ਪੁੱਜਣ ਤੇ ਚੰਦਨਪ੍ਰੀਤ ਸਿੰਘ ਡੀ ਐਸ ਪੀ ਨੂੰ ਪਿੰਡ ਆਉਣ ਤੇ ਪੂਰੀ ਸਾਨੋ ਸੋਕਤ ਨਾਲ ਸਨਮਾਨਿਤ ਕੀਤਾ ਜਾਵੇਗਾ ਇਸ ਸਮੇ ਹੋਰਨਾਂ ਤੋਂ ਇਲਾਵਾ ਜਥੇਦਾਰ ਹਰਪਾਲ ਸਿੰਘ ਮੇਂਬਰ ਐਸ ਜੀ ਪੀ ਸੀ, ਜੋਗਿੰਦਰ ਸਿੰਘ ਸਾਬਕਾ ਸੂਬੇਦਾਰ, ਹਰਭੂਰ ਸਿੰਘ ਸਾਬਕਾ ਫੌਜੀ, ਰਾਜ ਸਿੰਘ ਐਕਸ ਆਰਮੀ, ਸਮਸੇਰ ਸਿੰਘ ਸਾਬਕਾ ਸਰਪੰਚ ਜੱਲ੍ਹਾ, ਲਛਮਣ ਸਿੰ ਸਰਪੰਚ, ਜਗਜੀਤ ਸਿੰਘ ਸਬ ਇੰਸਪੈਕਟਰ, ਮਨਪ੍ਰੀਤ ਸਿੰਘ ਇੰਸਪੈਕਟਰ(ਮਾਲੇਰਕੋਟਲਾ ) ਹਰਪ੍ਰੀਤ ਸਿੰਘ ਪਾਇਲ ਡਾਕਟਰ ਰਤਨ ਸਿੰਘ ਜੱਲ੍ਹਾ, ਸਿਵਰਾਜ ਸਿੰਘ ਜੱਲ੍ਹਾ, ਦਿਲਵੀਰ ਸਿੰਘ ਔਜਲਾ, ਮਨਪ੍ਰੀਤ ਸਿੰਘ ਕਨੇਚ ਫੌਜੀ, ਕਰਨੈਲ ਸਿੰਘ, ਮਨਦੀਪ ਸਿੰਘ ਫੌਜੀ ਆਦਿ ਮੌਜੂਦ ਸਨ।



# ਗੁ: ਸਾਹਿਬ ਸਿੰਘ ਵਿਖੇ ਸੱਚਖੰਡ ਵਾਸੀ ਬਾਬਾ ਹਜ਼ਾਰਾ ਸਿੰਘ ਤੇ ਬਾਬਾ ਲੱਖਾ ਸਿੰਘ ਗੁਰੂ ਕੇ ਬਾਗ ਵਾਲਿਆਂ ਦੇ ਪੂਰਨਿਆਂ 'ਤੇ 3 ਦਿਨਾਂ ਧਾਰਮਿਕ ਮੇਲਾ ਕਰਵਾਇਆ ਗਿਆ

**ਅੰਮ੍ਰਿਤਸਰ, 05 ਜੁਲਾਈ (ਸੋਨੂੰ ਨਰੂਲਾ)** ਜ਼ਿਲਾ ਅੰਮ੍ਰਿਤਸਰ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਪਿੰਡ ਮੌੜੇ ਕਲਾਂ ਦੇ ਗੁਰਦੁਆਰਾ ਸਾਹਿਬ ਸਿੰਘ ਵਿੱਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੱਚਖੰਡ ਵਾਸੀ ਬਾਬਾ ਹਜ਼ਾਰਾ ਸਿੰਘ ਤੇ ਬਾਬਾ ਲੱਖਾ ਸਿੰਘ ਗੁਰੂ ਕੇ ਬਾਗ ਵਾਲਿਆਂ ਦੇ ਪੂਰਨਿਆਂ 'ਤੇ ਤਿੰਨ ਦਿਨਾਂ ਦਾ ਧਾਰਮਿਕ ਸਾਲਾਨਾ ਜੋੜ ਮੇਲਾ ਜਥੇਦਾਰ ਬਾਬਾ ਸਤਨਾਮ ਸਿੰਘ ਕਾਰ ਸੇਵਾ ਗੁਰੂ ਕੇ ਬਾਗ ਵਾਲਿਆਂ ਦੀ ਅਗਵਾਈ ਹੇਠ ਪਿੰਡ ਮੌੜੇ, ਨੱਵੇ ਮੌੜੇ, ਕੰਗਾ ਵਾਲਾ ਖੂਹ, ਮਾਨਾਂਵਾਲਾ ਦੇ ਸਮੂਹ ਨਗਰ ਤੇ ਐੱਨ. ਆਰ. ਆਈ. ਵੀਰਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਦੇ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਰਾਤ ਤੇ ਦਿਨ ਦੇ ਸੱਜੇ ਸੁੰਦਰ ਦੀਵਾਨ ਹਾਲ ਵਿਚ ਰਾਗੀ, ਢਾਡੀ ਤੇ ਕਵੀਸ਼ਰੀ ਜਥਿਆਂ ਨੇ ਜੁੜ ਬੈਠੀ ਸਾਧ ਸੰਗਤ ਨੂੰ ਸੂਰਬੀਰ ਯੋਧਿਆਂ ਦਾ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਸੰਤ ਬਾਬਾ ਸਤਨਾਮ ਸਿੰਘ ਤੇ ਸੇਵਾਦਾਰ ਬਾਬਾ ਕੁਲਬੀਰ ਸਿੰਘ ਗੁਰੂ ਕੇ ਬਾਗ ਵੱਲੋਂ ਆਏ ਹੋਏ ਜਥਿਆਂ ਤੇ ਸੰਤਾਂ-ਮਹਾਂਪੁਰਸ਼ਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਧਾਰਮਿਕ ਸਲਾਨਾ ਜੋੜ ਮੇਲੇ ਵਿੱਚ ਸੰਗਤਾਂ ਹਜ਼ਾਰਾਂ ਦੀ ਗਿਣਤੀ ਦੇ ਵਿੱਚ ਨਤਮਸਤਕ ਹੋਈਆਂ ਅਤੇ ਸ਼ਰਧਾ ਭਾਵਨਾ ਦੇ ਨਾਲ ਮੱਥਾ ਟੇਕਿਆ, ਕਿਹਾ ਜਾਂਦਾ ਹੈ ਕਿ ਪਿੰਡ ਮੌੜੇ ਕਲਾਂ ਦੇ ਗੁਰਦੁਆਰਾ ਸਾਹਿਬ ਵਿਖੇ ਜਿਹੜੀਆਂ ਵੀ ਸੰਗਤਾਂ ਆਪਣੀਆਂ ਆਸਾਂ ਮੁਰਾਦਾਂ ਲੈ ਕੇ ਆਉਂਦੀਆਂ ਹਨ ਉਹ ਝੋਲੀਆਂ ਭਰ ਕੇ ਘਰਾਂ ਨੂੰ ਵਾਪਸ ਜਾਂਦੀਆਂ ਹਨ, ਇਸ ਮੌਕੇ ਤੇ ਨੌਜਵਾਨਾਂ ਦੇ ਵੱਲੋਂ ਵੱਧ ਚੜ ਕੇ ਸੇਵਾ ਕੀਤੀ ਗਈ ਅਤੇ ਅਨੇਕਾ ਪ੍ਰਕਾਰ ਦੇ ਲੰਗਰ ਲਗਾਏ ਗਏ, ਇਸ ਮੌਕੇ ਤੇ ਸੇਵਾਦਾਰਾਂ ਵੱਲੋਂ ਸੰਗਤਾਂ ਦੇ ਲਈ ਚਾਹ ਪਕੌੜੇ, ਫਲਾਂ ਦੇ ਜੂਸ ਅਤੇ ਹੋਰ ਅਨੇਕਾਂ ਸਵਾਦੀ ਪਕਵਾਨਾਂ ਦੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ, ਇਸ ਮੌਕੇ ਤੇ ਕਾਰ ਸੇਵਾ ਵਾਲੇ ਸੰਤ ਬਾਬਾ ਸਤਨਾਮ ਸਿੰਘ ਗੁਰੂ ਕੇ ਬਾਗ, ਬਾਬਾ ਕੁਲਬੀਰ ਸਿੰਘ ਗੁਰੂ ਕੇ ਬਾਗ ਵਾਲੇ, ਜਥੇਦਾਰ ਬਾਬਾ ਕ੍ਰਿਪਾਲ ਸਿੰਘ, ਸੰਤ ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲੇ, ਬਾਬਾ ਚਰਨਜੀਤ ਸਿੰਘ, ਬਾਬਾ ਜਗੀਰ ਸਿੰਘ, ਬਾਬਾ ਜੋਗਾ ਸਿੰਘ, ਬਾਬਾ ਸਤਨਾਮ ਸਿੰਘ ਨਿੱਕਾ , ਬਾਬਾ ਸੁੱਚਾ ਸਿੰਘ ਅਨੰਦਪੁਰ ਸਾਹਿਬ ਵਾਲੇ, ਬਾਬਾ ਸਰਦਾਰਾ ਸਿੰਘ, ਬਾਬਾ ਤਰਲੋਕ ਸਿੰਘ ਖਿਆਲੇ ਵਾਲੇ, ਬਾਬਾ ਸ਼ਮਸ਼ੇਰ ਸਿੰਘ ਭਿੱਟੇਵੱਡ, ਬਾਬਾ ਜੋਗਾ ਸਿੰਘ ਬਕਾਲਾ, ਬਾਬਾ ਜੋਗਿੰਦਰ ਸਿੰਘ ਲੋਪੋਕੇ, ਬਾਬਾ ਸਰਵਣ ਸਿੰਘ ਵੇਈਪੂਈ, ਬਾਬਾ ਰਘੁਬੀਰ ਸਿੰਘ ਖਿਆਲੇ ਵਾਲੇ, ਬਾਬਾ ਰਾਜਨ ਸਿੰਘ ਮੌੜੇ ਕਲਾਂ, ਬਾਬਾ ਮਹਿਲ ਸਿੰਘ, ਬਾਬਾ ਸਤਨਾਮ ਸਿੰਘ ਛੋਟੇ, ਬਾਬਾ ਰਤਨ ਸਿੰਘ, ਬਾਬਾ ਸੁਬੇਗ ਸਿੰਘ ਗੁਰੂ ਕੇ ਬਾਗ ਵਾਲੇ, ਬਾਬਾ ਗੁਰਚਰਨ ਸਿੰਘ, ਬਾਬਾ ਤੇਜਬੀਰ ਸਿੰਘ, ਬਾਬਾ ਗੱਜਣ ਸਿੰਘ, ਬਾਬਾ ਜੋਗਿੰਦਰ ਸਿੰਘ ਲੋਪੋਕੇ , ਬਾਬਾ ਕਰਮਜੀਤ ਸਿੰਘ, ਬਾਬਾ ਮੁੱਖਾ ਸਿੰਘ ਸੇਵਾਦਾਰ, ਗੁਰਦੁਆਰਾ ਦਮਦਮਾ ਸਾਹਿਬ ਭਿੰਡੀ ਔਲਖ , ਗੁਰਚਰਨ ਸਿੰਘ ਮਿਆਦੀਆ, ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ, ਅਕਾਲੀ ਆਗੂ ਰਾਣਾ ਰਣਬੀਰ ਸਿੰਘ ਲੋਪੋਕੇ, ਹਲਕਾ ਇੰਚਾਰਜ ਮੈਡਮ ਸੋਨੀਆ ਮਾਨ, ਚੇਅਰਮੈਨ ਦਿਲਰਾਜ ਸਿੰਘ ਸਰਕਾਰੀਆ, ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਭਿੱਟੇਵੱਡ, ਬਾਬਾ ਕਰਨਜੀਤ ਸਿੰਘ ਭੋਲਾ, ਆਦਿ ਹਾਜ਼ਰ ਸਨ। ਸ਼ਾਮ ਨੂੰ ਕਬੱਡੀ ਕਲੱਬ ਰਮਦਾਸ, ਕਬੱਡੀ ਕਲੱਬ ਸੁਰ ਸਿੰਘ, ਗੁਰੂ ਨਾਨਕ ਦੇਵ ਜੀ ਕਬੱਡੀ ਕਲੱਬ ਬੋਹਲੀਆਂ ਅਤੇ ਆਜ਼ਾਦ ਕਬੱਡੀ ਕਲੱਬ ਟਪਿਆਲਾ ਦੀਆਂ ਟੀਮਾਂ ਦੇ ਸਖਤ ਮੁਕਾਬਲੇ ਵੇਖਣ ਨੂੰ ਮਿਲੇ। ਇਸ ਮੌਕੇ ਤੇ ਜੇਤੂ ਖਿਡਾਰੀਆਂ ਨੂੰ ਜਥੇਦਾਰ ਬਾਬਾ ਸਤਨਾਮ ਸਿੰਘ ਕਾਰ ਸੇਵਾ ਗੁਰੂ ਕੇ ਬਾਗ ਵਾਲੇ ਸੇਵਾਦਾਰ ਬਾਬਾ ਕੁਲਬੀਰ ਸਿੰਘ ਗੁਰੂ ਕੇ ਬਾਗ ਵਾਲੇ ਮੈਡਲ ਟਰੋਫੀਆਂ ਅਤੇ ਨਗਦ ਹਜ਼ਾਰਾਂ ਰੁਪਏ ਦੀ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ, ਇਸ ਮੌਕੇ ਤੇ ਬਾਬਾ ਕੁਲਬੀਰ ਸਿੰਘ ਗੁਰੂ ਕੇ ਬਾਗ ਵੱਲੋਂ ਧਾਰਮਿਕ ਸਲਾਨਾ ਜੋੜ ਮੇਲੇ ਦੇ ਵਿੱਚ ਆਈਆਂ ਹੋਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਅਖੀਰ ਦੇ ਵਿੱਚ ਇਹ ਤਿੰਨ ਦਿਨਾਂ ਦਾ ਧਾਰਮਿਕ ਸਲਾਨਾ ਜੋੜ ਮੇਲਾ ਆਪਣੀਆਂ ਮਿੱਠੀਆਂ ਯਾਦਾਂ ਛੱਡਦਾ ਹੋਇਆ ਸੰਪੂਰਨ ਹੋ ਗਿਆ।



# ਅੱਜ ਮਾਤਾ ਸਾਹਿਬ ਕੌਰ ਸੋਸਾਇਟੀ ਵੱਲੋਂ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਜਾਣਗੇ



**ਮਹਿਲ ਕਲਾਂ 5 ਜੁਲਾਈ (ਜਗਸੀਰ ਸਿੰਘ ਧਾਲੀਵਾਲ ਸਹਿਜੜਾ)** ਮਾਤਾ ਸਾਹਿਬ ਕੌਰ ਸੋਸਾਇਟੀ ਵੱਲੋਂ ਕਰਮਗੜ੍ਹ ਗੁਰਦੁਆਰਾ ਸਿੰਘ ਸਭਾ ਸਾਹਿਬ ਬਰਨਾਲਾ ਵਿਖੇ 6 ਜੁਲਾਈ ਨੂੰ ਬੱਚਿਆਂ ਦੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਜਾ ਰਹੇਹਨ ਜਿਸ ਵਿੱਚ ਪਹਿਲੇ ਗਰੁੱਪ ਚ 12 ਸਾਲ ਤੱਕ ਦੇ ਬੱਚੇ ਅਤੇ ਦੂਸਰੇ ਗਰੁੱਪ ਚ 12 ਤੋ 18 ਤੱਕ ਦੇ ਬੱਚੇ ਭਾਗ ਲੈ ਸਕਦੇ ਹਨ ਅਤੇ ਇਨਾਂ ਮੁਕਾਬਲਿਆਂ ਵਿੱਚੋਂ ਪਹਿਲੇ ਗਰੁੱਪ ਦੇ ਬੱਚਿਆਂ ਨੂੰ ਪਹਿਲਾ ਇਨਾਮ -15000 ਦੂਸਰਾ ਇਨਾਮ -13000 ਤੀਸਰਾ ਇਨਾਮ -11000 ਰੁਪਏ ਦਿੱਤੇ ਜਾਣਗੇ ਅਤੇ ਦੂਸਰੇ ਗਰੁੱਪ ਦੇ ਬੱਚਿਆਂ ਨੂੰ ਪਹਿਲਾ ਇਨਾਮ -15000 ਦੂਸਰਾ ਇਨਾਮ -13000 ਤੀਸਰਾ ਇਨਾਮ -11000 ਰੁਪਏ ਦਿੱਤੇ ਜਾਣਗੇ ਪਹਿਲੇ ਗਰੁੱਪ ਚ ਭਾਗ ਲੈਣ ਲਈ 3 ਬਾਣੀਆਂ ਕੰਠ ਹੋਣਾ ਜਰੂਰੀ ਹੋਣਗੀਆਂ, ਅਤੇ ਦੂਸਰੇ ਗਰੁੱਪ ਚ ਭਾਗ ਲੈਣ ਵਾਲੇ ਬੱਚਿਆਂ ਨੂੰ 4 ਬਾਣੀਆਂ ਕੰਠ ਹੋਣੀਆਂ ਜਰੂਰੀ ਹੋਣਗੀਆਂ ਅਤੇ ਬੱਚਿਆਂ ਨੂੰ ਮੁੱਢਲੇ ਇਤਿਹਾਸ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ ਜਿਸ ਵਿੱਚ ਬੱਚਿਆਂ ਤੋਂ ਮੁੱਢਲੇ ਇਤਿਹਾਸ ਬਾਰੇ ਪ੍ਰਸ਼ਨ ਵੀ ਪੁੱਛੇ ਜਾਣਗੇ।ਇਹਨਾਂ ਗੁਰਬਾਣੀ ਕੰਠ ਮੁਕਾਬਲਿਆ ਵਿੱਚ ਕਿਸੇ ਵੀ ਪਿੰਡ ਸ਼ਹਿਰ ਦਾ ਬੱਚਾ ਭਾਗ ਲੈ ਸਕਦਾ ਹੈ। ਕਿਸੇ ਨੰਬਰ ਤੇ ਨਾ ਆਉਣ ਵਾਲੇ ਬੱਚਿਆਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਜੇ ਕੋਈ ਵੀ ਵੀਰ ਭੈਣ ਕਿਸੇ ਵੀ ਤਰਹ ਦੀ ਸੇਵਾ ਕਰਨੀ ਚਾਹੁੰਦਾ ਹੋਵੇ ਉਹ ਦਿਤੇ ਹੋਏ ਇਸ ਨੰਬਰ 82645-94079 ਤੇ ਸੰਪਰਕ ਕਰ ਸਕਦਾ ਹੈ। ਇਹ ਉਪਰਾਲਾ ਮਾਤਾ ਸਾਹਿਬ ਕੌਰ ਸੋਸਾਇਟੀ ਵੱਲੋਂ ਸਮੂਹ ਦੇਸ਼ ਵਿਦੇਸ਼ ਵਿੱਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਸਹਿਯੋਗ ਨਾਲ ਕੀਤਾ ਗਿਆ ਹੈ।

# ਬੱਚਿਆਂ ਨੂੰ ਦੁਨਿਆਵੀ ਪੜ੍ਹਾਈ ਦੇ ਨਾਲ ਧਰਮ ਦੀ ਪੜ੍ਹਾਈ ਦੀ ਵੀ ਸਖ਼ਤ ਲੋੜ: ਸਾਹੀ ਇਮਾਮ ਪੰਜਾਬ

## ਕੋਠਾਗੁਰੂ ਵਿਖੇ ਮਦਰੱਸਾ ਇਸਲਾਮੀਆ ਹਬੀਬੀਆ ਦਾ ਉਦਘਾਟਨ

**ਭਗਤਾ ਭਾਈ, 5 ਜੁਲਾਈ (ਰਾਜਿੰਦਰ ਸਿੰਘ ਮਰਾਹੜ)** -ਮੁਸਲਿਮ ਸਮਾਜ ਸੁਧਾਰ ਕਮੇਟੀ ਜਿਲ੍ਹਾ ਬਠਿੰਡਾ ਵੱਲੋਂ ਹਜ਼ਰਤ ਮੌਲਾਨਾ ਹਬੀਬੋ ਰਹਿਮਾਨ ਸਾਨੀ ਲੁਧਿਆਣਵੀ ਦੀ ਯਾਦ 'ਚ ਜਾਮਾ ਮਸਜਿਦ ਕੋਠਾ ਗੁਰੂ ਵਿਖੇ ਨਵੇਂ ਖੋਲ੍ਹੇ ਗਏ ਮਦਰੱਸਾ ਇਸਲਾਮੀਆ ਹਬੀਬੀਆ (ਉਰਦੂ ਦਾ ਸਕੂਲ) ਦਾ ਉਦਘਾਟਨ ਅੱਜ ਮੁਲਾਨਾ ਮੁਹੰਮਦ ਉਸਮਾਨ ਸ਼ਾਹੀ ਇਮਾਮ ਪੰਜਾਬ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਮੌਕੇ ਸ਼ਾਹੀ ਇਮਾਮ ਪੰਜਾਬ ਨੇ ਇਸ ਕਾਰਜ਼ ਲਈ ਮੁਸਲਿਮ ਸਮਾਜ ਸੁਧਾਰ ਕਮੇਟੀ ਜ਼ਿਲ੍ਹਾ ਬਠਿੰਡਾ ਦੇ ਉਪਰਾਲੇ ਦੀ ਜ਼ੋਰਦਾਰ ਸ਼ਲਾਘਾ ਕਰਦਿਆਂ ਕਿਹਾ ਕਿ ਬੱਚਿਆਂ ਨੂੰ ਦੁਨਿਆਵੀ ਪੜ੍ਹਾਈ ਦੇ ਨਾਲ-ਨਾਲ ਧਰਮ ਦੀ ਪੜ੍ਹਾਈ ਦੀ ਵੀ ਸਖ਼ਤ ਲੋੜ ਹੈ। ਉਨ੍ਹਾਂ ਕਿਹਾ ਕਿ ਧਰਮ ਦੀ ਪੜ੍ਹਾਈ ਸਾਡੇ 'ਚ ਚੰਗੇ ਸੰਸਕਾਰ ਪੈਦਾ ਕਰਦੀ ਹੈ ਪਰ ਦੁੱਖ ਦੀ ਗੱਲ ਇਹ ਹੈ ਕਿ ਇਸ ਪੜ੍ਹਾਈ ਵੱਲ ਸਾਡੇ ਸਮਾਜ ਦਾ ਕੋਈ ਧਿਆਨ ਨਹੀਂ। ਮਾਪਿਆਂ ਦਾ ਸਾਰਾ ਜੋਰ ਦੁਨਿਆਵੀ ਪੜ੍ਹਾਈ ਵੱਲ ਹੀ ਲੱਗਾ ਹੋਇਆ ਹੈ। ਉਨ੍ਹਾਂ ਨੌਜਵਾਨ ਵਰਗ ਨੂੰ ਵਿਦੇਸ਼ਾਂ ਵੱਲ ਭੱਜਣ ਦੀ ਬਜਾਇ ਪੰਜਾਬ ਵਿੱਚ ਰਹਿ ਕੇ ਸਖ਼ਤ ਮਿਹਨਤ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਕਿਸੇ ਵੀ ਪੱਖੋਂ ਘੱਟ ਨਹੀਂ। ਸ਼ਾਹੀ ਇਮਾਮ ਨੇ ਕਿਹਾ ਕਿ ਚੰਗਾ ਇਨਸਾਨ ਉਹੀ ਹੈ ਜੋ ਆਪਣੇ ਮਾਂ-ਬਾਪ, ਪਤਨੀ, ਬੱਚਿਆਂ ਤੇ ਗੁਆਂਢੀਆਂ ਨਾਲ ਮੁਹੱਬਤ ਕਰਦਾ ਹੈ, ਜੇਕਰ ਉਹ ਇਨ੍ਹਾਂ ਕਰੀਬੀ ਰਿਸ਼ਤਿਆਂ ਨੂੰ ਛੱਡ ਕੇ ਦੁਨੀਆਂ 'ਚ ਚੰਗਾ ਬਣਿਆ ਫਿਰਦਾ ਹੈ ਤਾਂ ਇਹ ਸਿਰਫ਼ ਦਿਖਾਵਾ ਹੈ ਜੋ ਕਿ ਖ਼ੁਦਾ ਨੂੰ ਵੀ ਪਸੰਦ ਨਹੀਂ ਹੈ। ਸ਼ਾਹੀ ਇਮਾਮ ਨੇ ਕਿਹਾ ਕਿ ਜੇਕਰ ਤੁਸੀਂ ਧਰਮ ਨੂੰ ਆਧਾਰ ਬਣਾ ਕੇ ਨਫ਼ਰਤ ਕਰਦੇ ਹੋ ਤਾਂ ਇਹ ਧਰਮ ਨਹੀਂ। ਉਨ੍ਹਾਂ ਕਿਹਾ ਕਿ ਅਸਲੀ ਧਰਮੀ ਉਹੀ ਹੈ ਜੋ ਸਭ ਨਾਲ ਮੁਹੱਬਤ ਕਰਦਾ ਹੈ। ਮੁਸਲਿਮ ਸਮਾਜ ਸੁਧਾਰ ਕਮੇਟੀ ਜਿਲ੍ਹਾ ਬਠਿੰਡਾ ਦੇ ਪ੍ਰਧਾਨ ਬਾਗ਼ ਅਲੀ ਅਤੇ ਜ਼ਿਲ੍ਹਾ




ਚੇਅਰਮੈਨ ਡਾਕਟਰ ਸੋਮ ਖਾਨ ਕੋਠਾ ਗੁਰੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਸਲਿਮ ਸਮਾਜ ਸੁਧਾਰ ਕਮੇਟੀ ਜ਼ਿਲ੍ਹਾ ਬਠਿੰਡਾ ਵੱਲੋਂ ਪਿੰਡ ਕੋਠਾ ਗੁਰੂ ਵਿਖੇ ਖੋਲ੍ਹਿਆ ਜਾ ਰਿਹਾ ਇਹ ਮਦਰੱਸਾ ਜ਼ਿਲ੍ਹਾ ਬਠਿੰਡਾ ਦਾ ਪਹਿਲਾ ਉਰਦੂ ਸਕੂਲ ਹੈ। ਉਨ੍ਹਾਂ ਦੱਸਿਆ ਕਿ ਇਸ ਵਿਚ ਉਰਦੂ ਦੀ ਪੜ੍ਹਾਈ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸੇ ਵੀ ਧਰਮ ਦਾ ਕੋਈ ਵੀ ਚਾਹਵਾਨ ਵਿਅਕਤੀ ਇਥੇ ਉਰਦੂ ਦੀ ਪੜ੍ਹਾਈ ਕਰ ਸਕਦਾ ਹੈ। ਮੁਸਲਿਮ ਸਮਾਜ ਸੁਧਾਰ ਕਮੇਟੀ ਦੇ ਜਿਲ੍ਹਾ ਪ੍ਰਧਾਨ ਬਾਗ਼ ਅਲੀ ਤੇ ਜ਼ਿਲ੍ਹਾ ਚੇਅਰਮੈਨ ਡਾ. ਸੋਮ ਖਾਨ ਕੋਠਾ ਗੁਰੂ ਨੇ ਸ਼ਾਹੀ ਇਮਾਮ ਦਾ ਪਿੰਡ ਕੋਠਾ ਗੁਰੂ ਪਹੁੰਚਣ 'ਤੇ ਜ਼ੋਰਦਾਰ ਸਵਾਗਤ ਕਰਦਿਆਂ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ। ਇਸ ਤੋਂ ਇਲਾਵਾ ਮੁਸਲਿਮ ਸਮਾਜ ਸੁਧਾਰ ਕਮੇਟੀ ਵੱਲੋਂ ਪ੍ਰਮੁੱਖ ਸਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸੰਤ ਗੰਗਾ ਰਾਮ ਜੀ ਕੋਠਾ ਗੁਰੂ, ਨਗਰ ਸੁਧਾਰ ਟਰੱਸਟ ਬਠਿੰਡਾ ਦੇ ਚੇਅਰਮੈਨ ਜਤਿੰਦਰ ਸਿੰਘ ਭੱਲਾ, ਹੰਸ ਰਾਜ ਮੋਫ਼ਰ ਪ੍ਰਧਾਨ ਮੁਸਲਿਮ ਫ਼ਰੰਟ ਪੰਜਾਬ, ਮੁਹੰਮਦ ਸ਼ਰੀਫ਼ ਖ਼ਾਨ ਭਗਤਾ ਖਜਾਨਚੀ, ਰਾਜ ਖਾਨ ਕੋਠਾ ਗੁਰੂ, ਸੈਕਟਰੀ ਵੀਰਾ ਖ਼ਾਨ, ਮਸਜਿਦ ਦੇ ਇਮਾਮ ਮੁਹੰਮਦ ਸ਼ੋਕੀਨ, ਡਾਕਟਰ ਰੂਪ ਖਾਨ ਨਥਾਣਾ ਮੀਤ ਪ੍ਰਧਾਨ, ਹੁਸੈਨ ਖਾਨ ਮੀਤ ਪ੍ਰਧਾਨ, ਅਸ਼ਰਫ ਖਾਨ ਸਹਾਇਕ ਖਜਾਨਚੀ, ਰਾਜ ਖਾਨ ਕੋਠਾਗੁਰੂ ਮੈਂਬਰ, ਬਸ਼ੀਰ ਖ਼ਾਨ ਮੀਤ ਪ੍ਰਧਾਨ, ਭੋਲਾ ਖ਼ਾਨ ਪ੍ਰਧਾਨ ਬਾਘਾ ਪੁਰਾਣਾ, ਬਸੀਰ ਖਾਨ ਬਠਿੰਡਾ, ਮੌਲਵੀ ਪਰਵੇਜ਼ ਆਲਮ, ਨਵਾਬ ਖ਼ਾਨ, ਗੁਰਮੇਲ ਖ਼ਾਨ ਮੌੜ, ਸਿੰਦਾ ਖ਼ਾਨ ਪ੍ਰਧਾਨ ਬਰਗਾੜੀ, ਡਾਕਟਰ ਸਰੂਪ ਖ਼ਾਨ ਬਰਗਾੜੀ, ਅਵਤਾਰ ਸਿੰਘ ਤਾਰਾ ਪ੍ਰਧਾਨ ਨਗਰ ਪੰਚਾਇਤ ਕੋਠਾ ਗੁਰੂ, ਸਰਪੰਚ ਪਾਲਾ ਸਿੰਘ ਢਿੱਲੋਂ ਕੋਠਾ ਗੁਰੂ, ਕੌਂਸਲਰ ਬੂਟਾ ਸਿੰਘ ਢਿੱਲੋਂ, ਕੌਂਸਲਰ ਗੁਰਜੰਟ ਸਿੰਘ ਜੰਟੂ ਸਰਦਾਰ, ਬਲੌਰ ਸਿੰਘ ਬਾਠ ਸਾਬਕਾ ਸਰਪੰਚ, ਦਰਸ਼ਨ ਸਿੰਘ ਗੋਂਦਾਰਾ, ਮੰਗਲ ਸਿੰਘ ਸੋਢੀ, ਰਛਪਾਲ ਸਿੰਘ ਪੰਨੂੰ, ਸਾਧੂ ਸਿੰਘ ਗਿੱਲ, ਹਰਬੰਸ ਸਿੰਘ ਮਰਾੜ੍ਹ, ਤੇਜਾ ਸਿੰਘ ਗੋਂਦਾਰਾ, ਬੂਟਾ ਸਿੰਘ ਬਾਜਵਾ, ਰਾਮ ਸਿੰਘ ਮਰਾੜ੍ਹ, ਹਰਫੂਲ ਸਿੰਘ ਮਰਾੜ੍ਹ, ਰਾਣਾ ਮਰਾਹੜ, ਅਬਦੁੱਲ ਖਾਨ ਜੀਦਾ, ਅਬਦੁੱਲ ਖਾਨ ਜੰਡਾਂਵਾਲਾ, ਡਾਕਟਰ ਮੁਹੰਮਦ ਕੈਫ ਕੋਠਾ ਗੁਰੂ, ਡਾਕਟਰ ਸਲੀਮ ਖਾਨ, ਸਾਹਿਲ ਖਾਨ, ਸਲੀਮ ਖਾਨ ਕੋਠਾ ਗੁਰੂ, ਜੱਗਾ ਖਾਨ ਆਦਿ ਹਾਜ਼ਰ ਸਨ।

# ਪੰਜਾਬੀ ਸਾਹਿਤ ਨਾਲ ਜੁੜੀ ਲੇਖਕ ਡਾ ਧਾਰੀਵਾਲ ਨੂੰ ਕਾਇਨਾਤ ਪੰਜਾਬੀ ਮੈਗਜੀਨ ਦੀ ਉਪ ਸੰਪਾਦਕ ਕੀਤਾ ਨਿਯੁਕਤ

**ਭਵਾਨੀਗੜ੍ਹ 5 ਜੁਲਾਈ (ਰਾਜ ਖੁਰਮੀ)** ਲੰਮੇ ਸਮੇਂ ਤੋਂ ਪੰਜਾਬੀ ਸਾਹਿਤ ਨਾਲ ਜੁੜੀ ਲੇਖਕ ਡਾ ਦਵਿੰਦਰ ਖੁਸ਼ ਧਾਰੀਵਾਲ ਨੂੰ ਕਾਇਨਾਤ ਪੰਜਾਬੀ ਮੈਗਜੀਨ ਦੀ ਉਪ ਸੰਪਾਦਕ ਨਿਯੁਕਤ ਕੀਤਾ ਗਿਆ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਇੱਥੇ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਮੈਗਜ਼ੀਨ ਦੇ ਮੁੱਖ ਸੰਪਾਦਕ ਅਵਿਨਾਸ਼ ਰਾਣਾ ਨੇ ਕੀਤਾ, ਉਹਨਾਂ ਨੇ ਦੱਸਿਆ ਕਿ ਡਾ ਖੁਸ਼ ਧਾਰੀਵਾਲ ਪੰਜਾਬੀ ਦੇ ਨਾਮਵਰ ਲੇਖਕ ਅਤੇ ਸ਼ਾਇਰ ਹਨ ,ਉਹਨਾਂ ਦੀਆਂ ਬਹੁਤ ਸਾਰੀਆਂ ਕਿਤਾਬਾਂ ਪੰਜਾਬੀ ਵਿੱਚ ਛਪੀਆਂ ਹਨ ਅਤੇ ਉਹ ਕਾਫੀ ਲੰਮੇ ਸਮੇਂ ਤੋਂ ਵੱਖ-ਵੱਖ ਅਖਬਾਰਾਂ ਅਤੇ ਮੈਗਜ਼ੀਨਾਂ ਲਈ ਕੰਮ ਕਰਦੇ ਆ ਰਹੇ ਹਨ , ਇਸ ਸਬੰਧੀ ਪ੍ਰੈਸ ਨਾਲ ਗੱਲ ਕਰਦੇ ਹੋਏ ਡਾਕਟਰ ਦਵਿੰਦਰ ਖੁਸ਼ ਧਾਰੀਵਾਲ ਨੇ ਕਿਹਾ ਕਿ ਕਾਇਨਾਤ ਪੰਜਾਬੀ ਮੈਗਜ਼ੀਨ ਨੇ ਪੰਜਾਬੀ ਸਾਹਿਤ ਵਿੱਚ ਨਵੀਆਂ ਲੀਹਾਂ ਸਥਾਪਿਤ ਕੀਤੀਆਂ ਹਨ, ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਕਾਇਨਾਤ ਫਾਊਂਡੇਸ਼ਨ ਅਤੇ ਅਦਾਰਾ ਕਾਇਨਾਤ ਨੇ ਮੈਨੂੰ ਇਸ ਅਹੁਦੇ ਲਈ ਕਾਬਲ ਸਮਝਿਆ, ਉਹਨਾਂ ਕਿਹਾ ਕਿ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਲਈ ਮੈਗਜੀਨ ਕਾਇਨਾਤ ਦੇ ਮਾਧਿਅਮ ਨਾਲ ਮੈਨੂੰ ਹੋਰ ਵਧੇਰੇ ਕੰਮ ਕਰਨ ਦਾ ਮੌਕਾ ਮਿਲੇਗਾ, ਇਸ ਮੌਕੇ ਤੇ ਉੱਗੇ ਫਿਲਮ ਡਾਇਰੈਕਟਰ ਅਤੇ ਲੇਖਕ ਹਰਵੀਰ ਢੀਂਡਸਾ ,ਡਾਕਟਰ ਅਰਵਿੰਦਰ ਢਿੱਲੋਂ, ਮਨਜੀਤ ਕੌਰ, ਬਲਜੀਤ ਕੌਰ ,ਪ੍ਰੋਫੈਸਰ ਰਾਜਵੀਰ ਕੌਰ ਅਤੇ ਪ੍ਰੋਫੈਸਰ ਮਨਪ੍ਰੀਤ ਕੌਰ ਨੇ ਵੀ ਡਾਕਟਰ ਦਵਿੰਦਰ ਖੁਸ਼ਧਾਰੀਵਾਲ ਦੀ ਇਸ ਨਿਯੁਕਤੀ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਉਹਨਾਂ ਨੂੰ ਵਧਾਈ ਸੰਦੇਸ਼ ਦਿੱਤਾ। ਇਸ ਮੌਕੇ ਤੇ ਮੈਗਜੀਨ ਕਾਇਨਾਤ ਦੇ ਸਟਾਫ ਤੋਂ ਇਲਾਵਾ ਹੋਰ ਬਹੁਤ ਸਾਰੇ ਲੇਖਕ ਪੱਤਰਕਾਰ ਅਤੇ ਬੁੱਧੀਜੀਵੀ ਮੌਜੂਦ ਸਨ।



# 'ਆਪ' ਦੀਆਂ ਜਿੱਤਾਂ ਲਈ ਆਗੂਆਂ ਸਣੇ ਪੰਚ ਸਰਪੰਚ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ ਹੁਣ ਤੋਂ ਕਮਰਕੱਸੇ ਕਰਨ - ਸਾਬਕਾ ਮੰਤਰੀ ਧਾਲੀਵਾਲ



**ਅਜਨਾਲਾ,5 ਜੁਲਾਈ (ਸੋਨੂੰ ਨਰੂਲਾ)** ਹਾਈ ਕਮਾਨ ਦੇ ਨਿਰਦੇਸ਼ਾ 'ਤੇ ਪੰਜਾਬ ਵਜਾਰਤ ਤੋ ਅਸਤੀਫਾ ਦੇਣ ਉਪਰੰਤ ਅੱਜ ਪਹਿਲੀ ਵੇਰ ਆਪਣੇ ਚੋਣ ਹਲਕਾ ਅਜਨਾਲਾ ਚ ਆਪਣੇ ਸਥਾਨਕ ਮੁੱਖ ਦਫਤਰ ਵਿਖੇ ਪੁੱਜਣ 'ਤੇ ਵਿਧਾਇਕ ਤੇ ਸੇਵਾ ਮੁਕਤ ਕੈਬਨਿਟ ਮੰਤਰੀ ਪੰਜਾਬ ਸ. ਕੁਲਦੀਪ ਸਿੰਘ ਧਾਲੀਵਾਲ ਨੂੰ ਮਿਲਣ ਵਾਲੇ ਪਾਰਟੀ ਆਗੂਆਂ, ਵਲੰਟੀਅਰਾਂ ਤੇ ਦਰਪੇਸ਼ ਮੁਸ਼ਕਲਾਂ ਦਾ ਹੱਲ ਕਰਵਾਉਣ ਵਾਲੇ ਪ੍ਰਭਾਵਿਤ ਲੋਕਾਂ ਦਾ ਓਵੇਂ ਹੀ ਜਮਾਵੜਾ ਨਜ਼ਰ ਆਇਆ, ਜਿਵੇਂ ਅੱਜ ਤੋਂ ਤਿੰਨ ਦਿਨ ਪਹਿਲਾਂ ਉਹਨਾਂ ਦੇ ਬਤੌਰ ਕੈਬਨਿਟ ਵਜ਼ੀਰ ਵਜੋਂ ਪੁੱਜਣ ਤੇ ਉਤਸ਼ਾਹੀ ਦ੍ਰਿਸ਼ ਵੇਖਣ ਨੂੰ ਮਿਲਦਾ ਰਿਹਾ ਹੈ। ਸਾਬਕਾ ਮੰਤਰੀ ਧਾਲੀਵਾਲ ਦਾ ਚਿਹਰਾ ਪਹਿਲਾਂ ਦੀ ਤਰ੍ਹਾਂ ਤਰੋ ਤਾਜ਼ਾ ਸੀ ਅਤੇ ਉਹਨਾਂ ਦੀ ਲਹਿਜ਼ਾ ਮਿਲਣ ਵਾਲਿਆਂ ਨਾਲ ਵੀ ਚੜ੍ਹਦੀ ਕਲਾ ਚ ਜਜ਼ਬਾਤੀ ਤੇ ਗਰਮਜੋਸ਼ੀ ਲਹਿਜ਼ੇ ਵਾਲਾ ਰਿਹਾ । ਮੰਤਰੀ ਪੱਦ ਤੋਂ ਅਸਤੀਫਾ ਲਏ ਜਾਣ 'ਤੇ ਹਮਦਰਦੀ ਪ੍ਰਗਟ ਕਰਨ ਆਉਣ ਵਾਲੇ ਆਗੂਆਂ ਤੇ ਸਮਰਥਕਾਂ ਨੇ ਸ. ਧਾਲੀਵਾਲ ਨੂੰ ਚੜ੍ਹਦੀ ਕਲਾ ਚ ਵੇਖਦਿਆਂ ਪਹਿਲਾਂ ਦੀ ਤਰ੍ਹਾਂ ਖਿੜ੍ਹੇ ਚਿਹਰਿਆਂ ਚ ਮਿਲਣੀ ਕੀਤੀ।

ਇਸ ਮੌਕੇ 'ਤੇ ਸਾਬਕਾ ਕੈਬਨਿਟ ਮੰਤਰੀ ਤੇ ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ ਨੇ ਖੁੱਲ੍ਹੇ ਜਨਤਾ ਦਰਬਾਰ ਚ ਪ੍ਰਭਾਵਿਤ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਤੋਂ ਪਹਿਲਾ ਵੱਡੀ ਗਿਣਤੀ ਚ ਜੁੜੇ ਪੰਚਾਂ, ਸਰਪੰਚਾਂ, ਪਾਰਟੀ ਆਗੂਆਂ ਤੇ ਵਲੰਟੀਅਰਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਪਾਰਟੀ ਹਾਈ ਕਮਾਨ ਤੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵਲੋਂ ਉਹਨਾਂ (ਸ. ਧਾਲੀਵਾਲ) ਨੂੰ ਤੁਹਾਡੇ ਪਿਆਰ ਤੇ ਸਤਿਕਾਰ ਸਦਕਾ ਚੋਣਾਂ ਚ ਵਿਧਾਇਕ ਚੁਣੇ ਜਾਣ ਪਿੱਛੋਂ ਮੰਤਰੀ ਮੰਡਲ ਦੇ ਪਲੇਠੇ ਗਠਨ ਤੋਂ ਲੈ ਕੇ ਲਗਾਤਾਰ ਸਾਢੇ ਤਿੰਨ ਸਾਲ ਬਤੌਰ ਕੈਬਨਿਟ ਮੰਤਰੀ ਵਜੋਂ ਜ਼ਿੰਮੇਵਾਰੀ ਨਿਭਾਉਣ ਦੀ ਸੇਵਾ ਸੌਂਪੀ ਸੀ, ਜਿਸ ਚ ਉਹ ਪੂਰੇ ਤਨਦੇਹੀ ਨਾਲ ਹਲਕੇ ਸਮੇਤ ਪੰਜਾਬ, ਪੰਜਾਬੀ, ਪੰਜਾਬੀਅਤ ਦੇ ਮੁੱਦੇ ਤੇ ਰੰਗਲੇ ਪੰਜਾਬ ਦੀ ਸਿਰਜਣਾ ਲਈ ਐਨ ਖਰੇ ਉਤਰੇ ਹਨ। ਇਹ ਵੀ ਹਲਕਾ ਵਾਸੀਆਂ ਨੂੰ ਸਿੱਧੇ ਤੌਰ ਤੇ ਮਾਣ ਪ੍ਰਾਪਤ ਹੋਇਆ ਹੈ ਕਿ ਉਹਨਾਂ (ਧਾਲੀਵਾਲ) ਨੂੰ ਕਿਸੇ ਨਾਕੁਸ਼ ਕਾਰਗੁਜ਼ਾਰੀ ਕਾਰਣ ਨਹੀਂ ਸਗੋਂ ਉਹਨਾਂ ਨੂੰ ਕੋਈ ਹੋਰ ਵੱਡੀ ਜ਼ਿੰਮੇਵਾਰੀ ਦੇਣ ਦੇ ਭਰੋਸੇ ਅਤੇ ਕਿਸੇ ਹੋਰ ਪਾਰਟੀ ਵਿਧਾਇਕ ਨੂੰ ਮੌਕਾ ਦੇਣ ਵਜੋਂ ਉਹਨਾਂ ਨੂੰ ਮੰਤਰੀ ਮੰਡਲ ਤੋਂ ਅਸਤੀਫ਼ਾ ਦੇਣ ਲਈ ਮੁੱਖ ਮੰਤਰੀ ਸ. ਮਾਨ ਵਲੋਂ ਖੁਦ ਗੁਜ਼ਾਰਿਸ਼ ਹੋਈ ਸੀ।

ਸਾਬਕਾ ਮੰਤਰੀ ਤੇ ਵਿਧਾਇਕ ਸ. ਧਾਲੀਵਾਲ ਨੇ ਵਲੰਟੀਅਰਜ਼, ਆਗੂਆਂ ਤੇ ਪੰਚਾਂ ਸਰਪੰਚਾਂ ਨੂੰ ਉਤਸ਼ਾਹਜਨਕ ਥਾਪੜਾ ਦਿੰਦਿਆ ਕਿਹਾ ਕਿ ਉਹ ਪਹਿਲਾਂ ਦੀ ਤਰ੍ਹਾਂ ਸਮਰਪਣ ਭਾਵਨਾ ਨਾਲ ਲੋਕ ਸੇਵਾ ਚ ਸੁਹਿਰਦਤਾ ਨਾਲ ਸਮਰਪਿਤ ਰਹਿਣਗੇ ਅਤੇ ਪ੍ਰਭਾਵਿਤ ਲੋਕਾਂ ਨਿਆਂ ਮਿਲਣ ਚ ਕੋਈ ਦੇਰੀ ਨਹੀਂ ਹੋਵੇਗੀ। ਬਹੁ ਪੱਖੀ ਵਿਕਾਸ ਕਾਰਜਾਂ ਦੀ ਹਨੇਰੀ ਲਿਆਂਦੀ ਜਾਵੇਗੀ ਕਿਉਂਕਿ ਬਤੌਰ ਮੰਤਰੀ ਵਜੋਂ ਉਹਨਾਂ ਨੂੰ ਅਖਤਿਆਰੀ ਕੋਟੇ ਲਈ ਮਿਲਣ ਵਾਲੀ 5 ਕਰੋੜ ਰੁਪਏ ਦੀ ਰਾਸ਼ੀ ਨੂੰ ਅਜਨਾਲਾ ਹਲਕੇ ਤੋਂ ਇਲਾਵਾ ਪੰਜਾਬ ਦੇ ਹੋਰਨਾਂ ਹਲਕਿਆਂ ਦੇ ਦੌਰੇ ਤੇ ਸਮਾਗਮਾਂ ਦੌਰਾਨ ਉਹਨਾਂ ਨੂੰ ਇਸੇ ਰਾਸ਼ੀ ਚੋਂ ਉਥੇ ਵੀ ਫੰਡ ਵੰਡਣੇ ਪੈਂਦੇ ਸਨ ਪਰ ਹੁਣ ਬਤੌਰ ਵਿਧਾਇਕ ਵਜੋਂ ਮਿਲਣ ਵਾਲੀ 5 ਕਰੋੜ ਰੁਪਏ ਦੀ ਰਾਸ਼ੀ ਸਿਰਫ ਤੇ ਸਿਰਫ ਅਜਨਾਲਾ ਹਲਕੇ ਦੇ ਵਿਕਾਸ ਕਾਰਜਾਂ ਲਈ ਹੀ ਵੰਡੀ ਜਾਵੇਗੀ।

ਉਹਨਾਂ ਨੇ ਹਾਜ਼ਰੀਨ ਨੂੰ ਪਾਰਟੀ ਦੇ ਹੱਥ ਮਜ਼ਬੂਤ ਕਰਨ ਅਤੇ ਭਵਿੱਖ ਚ ਹੋਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀਆਂ ਦੀਆਂ ਚੋਣਾਂ ਚ ਪਾਰਟੀ ਉਮੀਦਵਾਰਾਂ ਦੀਆਂ ਹੂੰਝਾਂ ਫੇਰ ਜਿੱਤਾਂ ਨੂੰ ਯਕੀਨੀ ਬਣਾਉਣ ਲਈ ਕਮਰਕੱਸੇ ਕਰਨ ਦਾ ਸੱਦਾ ਦਿੱਤਾ। ਜਨਤਾ ਦਰਬਾਰ ਦੌਰਾਨ ਉਹਨਾਂ ਨੇ ਦਰਜਨਾਂ ਪ੍ਰਭਾਵਿਤ ਲੋਕਾਂ ਦੀਆਂ ਦਿੱਕਤਾਂ ਹੱਲ ਕਰਕੇ ਰਾਹਤ ਪਹੁੰਚਾਈ। ਇਸ ਮੌਕੇ ਤੇ ਡੀ ਐਸ ਪੀ ਸ. ਗੁਰਵਿੰਦਰ ਸਿੰਘ ਔਲਖ, ਖੁਸ਼ਪਾਲ ਸਿੰਘ ਧਾਲੀਵਾਲ, ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਪ੍ਰਧਾਨ ਭੱਟੀ ਜਸਪਾਲ ਸਿੰਘ ਢਿੱਲੋਂ, ਪ੍ਰਧਾਨ ਅਮਿਤ ਔਲ, ਕੁਮਾਰੀ ਗੀਤਾ ਗਿੱਲ, ਸਰਪੰਚ ਨਿਰਮਲ ਸਿੰਘ ਭਲਵਾਨ, ਸਰਪੰਚ ਜਸਵੰਤ ਸਿੰਘ ਭਲਵਾਨ ਗੱਗੋਮਾਹਲ, ਦਵਿੰਦਰ ਸਿੰਘ ਸੋਨੂੰ, ਹਰਪ੍ਰੀਤ ਸੋਹਲ, ਸ਼ਿਵ ਚਾਹਲ, ਕੌਂਸਲਰ ਬਲਜਿੰਦਰ ਸਿੰਘ ਮਾਹਲ,ਕੌਂਸਲਰ ਅਵਿਨਾਸ਼ ਮਸੀਹ, ਸੁਖਦਿਆਲ ਭੱਖਾ, ਆਦਿ ਦਰਜ਼ਨਾਂ ਆਗੂ ਆਂ ਤੋਂ ਇਲਾਵਾ ਪ੍ਰਸ਼ਾਸਨਿਕ ਅਧਿਕਾਰੀ ਮੌਜੂਦ ਸਨ।

